Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 303 23/04/2026 www.samajweekly.com samajweekly @samajweekly samajweekly

# ਅਮਰੀਕਾ ਨੇ ਈਰਾਨ ਨਾਲ ਜੰਗਬੰਦੀ ਨੂੰ ਅੱਗੇ ਵਧਾਇਆ

## ਹੋਰਮੁਜ਼ ’ਚ ਸਮੁੰਦਰੀ ਆਵਾਜਾਈ ’ਤੇ ਪਾਬੰਦੀਆਂ ਜਾਰੀ, ਇਰਾਨ ਨੇ ਤਿੰਨ ਜਹਾਜ਼ਾਂ ਨੂੰ ਹਮਲਾ ਕਰ ਕੇ ਅਪਣੇ ਕਬਜ਼ੇ ’ਚ ਲਿਆ

**ਤਹਿਰਾਨ/ਵਾਸ਼ਿੰਗਟਨ:** ਅਮਰੀਕਾ ਨੇ ਇਰਾਨ ਨਾਲ ਜੰਗਬੰਦੀ ਨੂੰ ਅੱਗੇ ਵਧਾ ਦਿਤਾ ਹੈ, ਪਰ ਇਰਾਨ ਵਲੋਂ ਬੁਧਵਾਰ ਨੂੰ ਹੋਰਮੁਜ਼ ਜਲਡਮਰੂਮੱਧ ਵਿਚ ਤਿੰਨ ਜਹਾਜ਼ਾਂ ’ਤੇ ਗੋਲੀਬਾਰੀ ਕੀਤੀ, ਜਿਸ ਨਾਲ ਅਮਰੀਕਾ-ਇਰਾਨ ਵਿਚਾਲੇ ਸ਼ਾਂਤੀਵਾਰਤਾ ਅੱਗੇ ਵਧਾਉਣ ਦਾ ਮਸਲਾ ਹੋਰ ਗੁੰਝਲਦਾਰ ਹੋ ਗਿਆ ਹੈ।

ਇਰਾਨੀ ਮੀਡੀਆ ਅਨੁਸਾਰ, ਇਹ ਹਮਲੇ ਰਿਵੋਲੂਸ਼ਨਰੀ ਗਾਰਡ ਵਲੋਂ ਕੀਤੇ ਗਏ। ਇਹ ਘਟਨਾ ਉਸ ਵੇਲੇ ਹੋਈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨਾਲ ਚੱਲ ਰਹੀ ਜੰਗ ’ਚ ਜੰਗਬੰਦੀ ਨੂੰ ਅਨਿਸ਼ਚਿਤ ਸਮੇਂ ਲਈ ਵਧਾਉਣ ਦਾ ਐਲਾਨ ਕੀਤਾ, ਪਰ ਨਾਲ ਹੀ ਇਰਾਨੀ ਬੰਦਰਗਾਹਾਂ ’ਤੇ ਨਾਕਾਬੰਦੀ ਜਾਰੀ ਰੱਖਣ ਦੀ ਗੱਲ ਵੀ ਕੀਤੀ।

ਯੂ.ਕੇ. ਮੈਰੀਟਾਈਮ ਟ੍ਰੇਡ ਓਪਰੇਸ਼ਨਜ਼ ਸੈਂਟਰ ਨੇ ਦਸਿਆ ਕਿ ਪਹਿਲਾ ਜਹਾਜ਼ ਬਿਨਾਂ ਚੇਤਾਵਨੀ ਦੇ ਗਾਰਡ ਦੀ ਗਨਬੋਟ ਵਲੋਂ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ, ਕਿਸੇ ਨੂੰ ਸੱਟ ਨਹੀਂ ਲੱਗੀ। ਇਰਾਨੀ ਸਰਕਾਰੀ ਮੀਡੀਆ ਨੇ ਬਾਅਦ ਵਿਚ ਦਸਿਆ ਕਿ ਐਮ.ਐੱਸ.ਸੀ.



ਫ਼ਰੈਂਸ਼ੀਆ ਅਤੇ ਇਪਾਮਿਨੋਂਡੇਸ ਨਾਮਕ ਜਹਾਜ਼ਾਂ ਨੂੰ ਕਬਜ਼ੇ ਵਿਚ ਲੈ ਕੇ ਇਰਾਨ ਵਲ ਲਿਜਾਇਆ ਜਾ ਰਿਹਾ ਹੈ।

ਇਰਾਨੀ ਨੂਰ ਨਿਊਜ਼ ਨੇ ਰੀਪੋਰਟ ਕੀਤਾ ਕਿ ਤੀਜੇ ਜਹਾਜ਼ ਯੂਫ਼ੋਰੀਆ ਨੂੰ ਵੀ ‘‘ਇਰਾਨੀ ਤਟ ’ਤੇ ਫਸਣ’’ ਤੋਂ ਬਾਅਦ ਕਬਜ਼ੇ ਵਿਚ ਲਿਆ ਗਿਆ। ਇਰਾਨੀ ਏਜੰਸੀ ਫ਼ਾਰਸ ਨੇ ਕਿਹਾ ਕਿ ਇਹ ਕਾਰਵਾਈ ‘‘ਹੋਰਮੁਜ਼ ਜਲਡਮਰੂਮੱਧ ’ਤੇ ਕਾਨੂੰਨੀ ਨਿਯੰਤਰਣ ਲਾਗੂ ਕਰਨ’’ ਲਈ ਕੀਤੀ ਗਈ।

ਟਰੰਪ ਦੇ ਐਲਾਨ ’ਤੇ ਇਰਾਨ ਨੇ ਕੋਈ ਅਧਿਕਾਰਕ ਪ੍ਰਤੀਕ੍ਰਿਆ ਨਹੀਂ ਦਿਤੀ, ਪਰ ਮਿਸਰ ਵਿਚ ਈਰਾਨੀ ਮਿਸ਼ਨ ਦੇ ਮੁਖੀ ਮੁਜਤਬਾ ਫਿਰਦੌਸੀ ਪੁਰ ਨੇ ਸਪੱਸ਼ਟ ਕੀਤਾ, ‘‘ਜਦ ਤਕ ਅਮਰੀਕੀ ਨਾਕੇਬੰਦੀ ਹਟਾਈ ਨਹੀਂ ਜਾਂਦੀ, ਗੱਲਬਾਤ ਮੁੜ ਸ਼ੁਰੂ ਨਹੀਂ ਹੋਵੇਗੀ।’’

ਇਸ ਸੰਘਰਸ਼ ਕਾਰਨ ਕੱਚੇ ਤੇਲ ਦੀ ਕੀਮਤ 98 ਅਮਰੀਕੀ ਡਾਲਰ ਪ੍ਰਤੀ ਬੈਰਲ ਤੋਂ ਵੱਧ ਹੋ ਗਈ ਹੈ, ਜੋ ਜੰਗ ਸ਼ੁਰੂ ਹੋਣ ਤੋਂ ਬਾਅਦ 35% ਵਧ ਚੁਕੀ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਹੋਰਮੁਜ਼ ਜਲਡਮਰੂਮੱਧ ਬੰਦ ਰਿਹਾ ਤਾਂ ਖ਼ੁਰਾਕ ਅਤੇ ਹੋਰ ਉਤਪਾਦਾਂ ਦੀਆਂ ਕੀਮਤਾਂ ਹੋਰ ਵਧਣਗੀਆਂ। ਇਰਾਨੀ ਗਾਰਡ ਨੇ ਚੇਤਾਵਨੀ ਦਿਤੀ ਕਿ ਉਹ ‘‘ਦੁਸ਼ਮਣ ਦੇ ਖੇਤਰ ਵਿਚ ਅਜਿਹੇ ਤਬਾਹੀਕਾਰੀ ਹਮਲੇ ਕਰੇਗਾ ਜੋ ਉਸ ਦੀ ਕਲਪਨਾ ਤੋਂ ਪਰੇ ਹੋਣਗੇ।’’ ਪਿਛਲੀ ਰਾਤ ਤੇਹਰਾਨ ਵਿਚ ਗਾਰਡ ਨੇ ਮਿਜ਼ਾਈਲਾਂ ਦੀ ਪ੍ਰਦਰਸ਼ਨੀ ਕਰ ਕੇ ਅਮਰੀਕਾ ਅਤੇ ਇਜ਼ਰਾਇਲ ਨੂੰ ਚੁਨੌਤੀ ਦਿਤੀ ।

ਫ਼ਰਵਰੀ 28 ਤੋਂ ਜੰਗ ਸ਼ੁਰੂ ਹੋਣ ਤੋਂ ਬਾਅਦ ਮੱਧ-ਪੂਰਬ ਵਿਚ 30 ਤੋਂ ਵੱਧ ਜਹਾਜ਼ਾਂ ’ਤੇ ਹਮਲੇ ਹੋ ਚੁਕੇ ਹਨ। ਅਧਿਕਾਰਕ ਅੰਕੜਿਆਂ ਅਨੁਸਾਰ, ਇਰਾਨ ਵਿਚ 3,375, ਲੈਬਨਾਨ ਵਿਚ 2,290, ਇਜ਼ਰਾਇਲ ਵਿਚ 23 ਅਤੇ ਖਾੜੀ ਦੇਸ਼ਾਂ ਵਿਚ ਦਰਜਨ ਤੋਂ ਵੱਧ ਲੋਕ ਮਾਰੇ ਗਏ ਹਨ।

# ਬੇਅਦਬੀ ਵਿਰੁੱਧ ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਨੂੰ ਹਾਈ ਕੋਰਟ ਵਿੱਚ ਦਿੱਤੀ ਚੁਣੌਤੀ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' (ਪੰਜਾਬ ਐਕਟ ਨੰਬਰ 7, 2026) ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ ਸਮਾਜਿਕ ਕਾਰਕੁਨ ਸਿਮਰਨਜੀਤ ਸਿੰਘ ਵੱਲੋਂ ਦਾਇਰ ਇਸ ਜਨਹਿਤ ਪਟੀਸ਼ਨ (ਫੀ.ਲ) ਵਿੱਚ ਇਸ ਐਕਟ ਨੂੰ ਗੈਰ-ਸੰਵਿਧਾਨਕ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਸ਼ਾਮਲ ਹਨ, ਜੋ ਕਿ 'ਸਮਵਰਤੀ ਸੂਚੀ' (ਛੋਨਚੁਰਰਇਨਟ ਲ਼ਿਸਟ) ਦਾ ਵਿਸ਼ਾ ਹੈ । ਸੰਵਿਧਾਨ ਦੀ ਧਾਰਾ 254(2) ਅਨੁਸਾਰ, ਅਜਿਹੇ ਕਾਨੂੰਨ ਲਈ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਹੈ, ਜਦੋਂ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਸਹਿਮਤੀ ਨਾਲ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ। ਪਟੀਸ਼ਨ ਅਨੁਸਾਰ, ਸਿਰਫ਼ ਇੱਕ ਵਿਸ਼ੇਸ਼ ਧਾਰਮਿਕ ਗ੍ਰੰਥ ਲਈ ਵੱਖਰਾ ਅਤੇ ਸਖ਼ਤ ਅਪਰਾਧਿਕ ਢਾਂਚਾ ਤਿਆਰ ਕਰਨਾ ਸੰਵਿਧਾਨ ਦੇ 'ਧਰਮ ਨਿਰਪੱਖਤਾ' ਦੇ ਮੂਲ ਢਾਂਚੇ ਅਤੇ ਧਾਰਾ 14 (ਬਰਾਬਰੀ ਦਾ ਅਧਿਕਾਰ) ਦੀ ਉਲੰਘਣਾ ਹੈ।

ਐਕਟ ਦੀ ਧਾਰਾ 5 (3) ਤਹਿਤ

### ਜਲੰਧਰ ਦੇ ਸਿਮਰਨਜੀਤ ਸਿੰਘ ਵੱਲੋਂ ਜਨਹਿਤ ਪਟੀਸ਼ਨ ਕੀਤੀ ਗਈ ਦਾਇਰ




ਬੇਅਦਬੀ ਦੀ ਸਾਜ਼ਿਸ਼ ਲਈ ਉਮਰ ਕੈਦ ਦੀ ਸਜ਼ਾ ਨੂੰ ਪਟੀਸ਼ਨਰ ਨੇ 'ਮਨਮਾਨੀ' ਅਤੇ ਗੈਰ-ਵਾਜਬ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇੱਕ ਗੈਰ-ਹਿੰਸਕ ਅਪਰਾਧ ਲਈ ਕਤਲ ਦੇ ਬਰਾਬਰ ਸਜ਼ਾ ਦੇਣਾ ਤਰਕਹੀਣ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਬੇਅਦਬੀ' ਦੀ ਪਰਿਭਾਸ਼ਾ ਇੰਨੀ ਵਿਆਪਕ ਅਤੇ ਅਸਪਸ਼ਟ ਹੈ ਕਿ ਇਹ ਬੋਲਣ ਦੀ ਆਜ਼ਾਦੀ (ਧਾਰਾ 19) 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ।

ਪਟੀਸ਼ਨਰ ਨੇ ਅਦਾਲਤ ਤੋਂ ਇਸ ਐਕਟ 'ਤੇ ਤੁਰੰਤ ਅੰਤਰਿਮ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਕਟ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਹੋਰ ਸੰਸਥਾਵਾਂ ਨੂੰ 45 ਦਿਨਾਂ ਦੇ ਅੰਦਰ ਸਾਰੇ 'ਸਰੂਪਾਂ' ਦਾ ਕੇਂਦਰੀ ਰਜਿਸਟਰ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਇਸ ਦੀ ਪਾਲਣਾ ਨਹੀਂ ਹੁੰਦੀ, ਤਾਂ ਸਬੰਧਤ ਪੱਖਾਂ ਨੂੰ ਸਖ਼ਤ ਫੌਜਦਾਰੀ ਕਾਰਵਾਈ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ। ਹਾਈ ਕੋਰਟ ਵੱਲੋਂ ਇਸ ਮਾਮਲੇ 'ਤੇ ਜਲਦੀ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ।

# ਅਰਵਿੰਦ ਕੇਜਰੀਵਾਲ ਨੇ ਚੋਣਾਂ ਤੋਂ ਪਹਿਲਾਂ ਮਮਤਾ ਬੈਨਰਜੀ ਨਾਲ ਕੀਤਾ ਇਕਜੁੱਟਤਾ ਦਾ ਪ੍ਰਗਟਾਵਾ

**ਕਿਹਾ : ਮਮਤਾ ਬੈਨਰਜੀ ਇਕ ਮੁਸ਼ਕਿਲ ਲੜਾਈ ਲੜ ਰਹੇ ਹਨ, ਜੋ ਭਾਰਤੀ ਲੋਕਤੰਤਰ ਲਈ ਸਭ ਤੋਂ ਮਹੱਤਵਪੂਰਨ ਲੜਾਈਆਂ 'ਚੋਂ ਇਕ ਹੈ**



ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ "ਸਭ ਤੋਂ ਮੁਸ਼ਕਲ ਲੜਾਈਆਂ ਵਿਚੋਂ ਇਕ" ਲਈ ਇੱਕਮੁੱਠਤਾ ਪ੍ਰਗਟ ਕੀਤੀ। ਸੋਸ਼ਲ ਮੀਡੀਆ 'ਤੇ ਪਾਈ ਇਕ ਪੋਸਟ ਵਿਚ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਬੈਨਰਜੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਲਈ ਆਪਣਾ ਅਟੁੱਟ ਸਮਰਥਨ ਦਿੱਤਾ । ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ "ਸਾਰੀਆਂ ਸੰਸਥਾਵਾਂ ਦੀ ਦੁਰਵਰਤੋਂ" ਕਰਨ ਦਾ ਦੋਸ਼ ਲਗਾਉਂਦੇ ਹੋਏ, ਕੇਜਰੀਵਾਲ ਨੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ। ਕੇਜਰੀਵਾਲ ਨੇ ਸੋਸ਼ਲ ਮੀਡੀਆ 'ਤੇ ਲਿਖਿਆ "ਹੁਣੇ ਹੀ ਮਮਤਾ ਦੀਦੀ ਨਾਲ ਫ਼ੋਨ 'ਤੇ ਗੱਲ ਕੀਤੀ। ਪੂਰੀ ਏਕਤਾ ਅਤੇ ਸਮਰਥਨ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਸਭ ਤੋਂ ਮੁਸ਼ਕਲ ਲੜਾਈ ਲੜ ਰਹੇ ਹਨ, ਜੋ ਭਾਰਤੀ ਲੋਕਤੰਤਰ ਲਈ ਸਭ ਤੋਂ ਮਹੱਤਵਪੂਰਨ ਲੜਾਈਆਂ 'ਚੋਂ ਇਕ ਹੈ, ਜੋ ਕਿ ਭਾਰਤੀ ਲੋਕਤੰਤਰ ਲਈ ਸਭ ਤੋਂ ਮਹੱਤਵਪੂਰਨ ਲੜਾਈਆਂ ਵਿਚੋਂ ਇਕ ਹੈ। ਭਾਰਤੀ ਚੋਣ ਕਮਿਸ਼ਨ ਸਮੇਤ ਸਾਰੀਆਂ ਸੰਸਥਾਵਾਂ ਦੀ ਦੁਰਵਰਤੋਂ ਕਰਨ ਦੇ ਬਾਵਜੂਦ, ਮੋਦੀ ਜੀ ਹਾਰ ਜਾਣਗੇ," ।

# ਵਿਆਹ ਤੋਂ ਵਾਪਸ ਆ ਰਹੇ 6 ਬਰਾਤੀਆਂ ਦੀ ਹਾਦਸੇ ਵਿਚ ਮੌਤ

**ਬੜਵਾਨੀ।** ਮੱਧ ਪ੍ਰਦੇਸ਼ ਦੇ ਬੜਵਾਨੀ ਜ਼ਿਲ੍ਹੇ ਵਿਚ ਬੀਤੇ ਦਿਨ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਜੁਲਵਾਨੀਆ ਟੋਲ ਪਲਾਜ਼ਾ ਨੇੜੇ ਬਰਾਤੀਆਂ ਨੂੰ ਲੈ ਜਾ ਰਹੀ ਇੱਕ ਕਾਰ ਨਾਲ ਇੱਕ ਤੇਜ਼ ਰਫ਼ਤਾਰ ਟੈਂਕਰ ਦੀ ਟੱਕਰ ਹੋ ਗਈ। ਇਸ ਹਾਦਸੇ ਵਿਚ ਲਾੜੇ ਦੇ ਭਰਾ ਸਮੇਤ ਛੇ ਨੌਜਵਾਨਾਂ ਦੀ ਮੌਤ ਹੋ ਗਈ, ਜਦੋਂ ਕਿ ਇਕ ਹੋਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਇਹ ਨੌਜਵਾਨ ਬਰਾਤ ਤੋਂ ਵਾਪਸ ਆ ਰਹੇ ਸਨ। ਗੱਡੀ ਦਾ ਡੀਜ਼ਲ ਖ਼ਤਮ ਹੋਣ 'ਤੇ ਉਹ ਦੂਜੀ ਕਾਰ ਰਾਹੀਂ ਡੀਜ਼ਲ ਲੈਣ ਲਈ ਜੁਲਵਾਨੀਆ ਚਲੇ ਗਏ। ਵਾਪਸ ਆਉਂਦੇ ਸਮੇਂ, ਖਰਗੋਨ ਤੋਂ ਆ ਰਹੇ ਇੱਕ ਬੇਕਾਬੂ ਟੈਂਕਰ ਨੇ



ਉਨ੍ਹਾਂ ਦੀ ਟੀਯੂਵੀ ਕਾਰ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੈਂਕਰ ਚਾਲਕ ਗੱਡੀ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੇ ਟੈਂਕਰ ਨੂੰ ਜ਼ਬਤ ਕਰ ਲਿਆ ਹੈ ਅਤੇ ਸ਼ੱਕੀ ਦੀ ਭਾਲ ਕੀਤੀ ਜਾ ਰਹੀ ਹੈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦਾ ਅਗਲਾ ਹਿੱਸਾ ਪੂਰੀ ਤਰ੍ਹਾਂ ਚਕਨਾਚੂਰ ਹੋ ਗਿਆ, ਜਿਸ ਕਾਰਨ ਸਾਰੇ ਨੌਜਵਾਨ ਅੰਦਰ ਫਸ ਗਏ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਜੁਲਵਾਨੀਆ ਪੁਲਿਸ ਸਟੇਸ਼ਨ ਦੀ ਪੁਲਿਸ ਮੌਕੇ 'ਤੇ ਪਹੁੰਚੀ। ਫਸੇ ਹੋਏ ਨੌਜਵਾਨਾਂ ਨੂੰ ਕਾਰ ਵਿੱਚੋਂ ਕੱਢਣ ਵਿੱਚ ਲਗਭਗ ਇੱਕ ਘੰਟਾ ਲੱਗਿਆ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਿਆ ਹੈ ਕਿ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਬਾਅਦ ਵਿੱਚ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਗਏ। ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚ ਸਚਿਨ ਵਾਸਕਾਲੇ (25), ਪ੍ਰਦਿਊਮਨ ਸਹਤੇ (25), ਪੱਪੂ (29), ਆਕਾਸ਼ (25), ਯਸ਼ਵੰਤ ਸੁਪਾਡੀਆ (30) ਅਤੇ ਸੋਹਨ ਬਘੇਲ (28) ਸ਼ਾਮਲ ਹਨ। ਸਾਰੇ ਨੌਜਵਾਨ ਦੋਸਤ ਸਨ ਅਤੇ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਆਏ ਸਨ। ਜ਼ਖ਼ਮੀ ਸੁਰੇਸ਼ (28) ਦਾ ਇਲਾਜ ਕੀਤਾ ਜਾ ਰਿਹਾ ਹੈ।

# ਦੇਸ਼ ਵਿਚ ਗਰਮੀ ਨੇ ਲੋਕਾਂ ਦਾ ਕੀਤਾ ਬੁਰਾ ਹਾਲ, ਪਾਰਾ ਪਹੁੰਚਿਆ 44 ਡਿਗਰੀ ਤੋਂ ਪਾਰ

**ਨਵੀਂ ਦਿਲੀ।** ਦੇਸ਼ ਦੇ ਮੈਦਾਨੀ ਇਲਾਕਿਆਂ ਵਿੱਚ ਤੇਜ਼ ਗਰਮੀ ਦਾ ਕਹਿਰ ਜਾਰੀ ਹੈ। ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ, ਉੱਤਰ ਪ੍ਰਦੇਸ਼, ਪੰਜਾਬ, ਹਰਿਆਣਾ, ਚੰਡੀਗੜ੍ਹ, ਓਡੀਸ਼ਾ ਅਤੇ ਦਿੱਲੀ ਦੇ ਕਈ ਇਲਾਕਿਆਂ ਲਈ ਹੀਟਵੇਵ ਅਲਰਟ ਜਾਰੀ ਕੀਤੇ ਗਏ ਹਨ। ਗਰਮੀ ਕਰਕੇ ਲੋਕ ਬਾਹਰ ਜਾਣ ਤੋਂ ਪਰਹੇਜ਼ ਕਰ ਰਹੇ ਹਨ ਤੇ ਘਰ ਵਿਚ ਹੀ ਰਹਿ ਰਹੇ ਹਨ। ਮੌਸਮ ਵਿਭਾਗ ਨੇ ਭੋਪਾਲ ਸਮੇਤ ਮੱਧ ਪ੍ਰਦੇਸ਼ ਦੇ ਨੌਂ ਜ਼ਿਲ੍ਹਿਆਂ ਵਿੱਚ ਪਹਿਲੀ ਵਾਰ 'ਵਰਮ ਨਾਈਟ' ਦੀ ਚੇਤਾਵਨੀ ਜਾਰੀ ਕੀਤੀ ਹੈ। ਮਾਈਹਰ ਜ਼ਿਲ੍ਹੇ ਵਿੱਚ, 5ਵੀਂ ਜਮਾਤ ਤੱਕ ਦੇ ਸਾਰੇ ਸਕੂਲ 30 ਅਪ੍ਰੈਲ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਦਾ ਜ਼ਿਆਦਾਤਰ ਹਿੱਸਾ ਤੇਜ਼ ਗਰਮੀ ਅਤੇ ਸੋਕੇ ਦੀ ਮਾਰ ਝੱਲ ਰਿਹਾ ਹੈ। ਪ੍ਰਯਾਗਰਾਜ ਵਿਚ ਤਾਪਮਾਨ 44.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸੂਬੇ ਦੇ 26 ਜ਼ਿਲ੍ਹਿਆਂ ਵਿਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਗਿਆ। ਮੌਸਮ ਵਿਭਾਗ ਨੇ ਮੰਗਲਵਾਰ ਨੂੰ 26 ਜ਼ਿਲ੍ਹਿਆਂ ਲਈ ਹੀਟਵੇਵ ਅਲਰਟ ਜਾਰੀ ਕੀਤਾ। ਛੱਤੀਸਗੜ੍ਹ ਦੇ ਬਿਲਾਸਪੁਰ ਵਿਚ ਤਾਪਮਾਨ 43.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।



ਪਟਨਾ ਸਮੇਤ ਬਿਹਾਰ ਦੇ ਅੱਠ ਜ਼ਿਲ੍ਹਿਆਂ ਵਿਚ ਤਾਪਮਾਨ 42 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸੋਮਵਾਰ ਨੂੰ ਰਾਜਸਥਾਨ ਦੇ 12 ਸ਼ਹਿਰਾਂ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਵੱਧ ਦਰਜ ਕੀਤਾ ਗਿਆ। ਕੋਟਾ ਵਿੱਚ ਸਭ ਤੋਂ ਵੱਧ ਤਾਪਮਾਨ 42 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਬਾੜਮੇਰ ਵਿੱਚ ਘੱਟੋ-ਘੱਟ ਤਾਪਮਾਨ 29.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਜਦੋਂ ਰਾਤ ਦਾ ਘੱਟੋ-ਘੱਟ ਤਾਪਮਾਨ ਆਮ ਨਾਲੋਂ ਕਾਫ਼ੀ ਜ਼ਿਆਦਾ ਹੁੰਦਾ ਹੈ, ਤਾਂ ਇਸਨੂੰ "ਵਾਰਮ ਨਾਈਟ" ਕਿਹਾ ਜਾਂਦਾ ਹੈ। ਇਹ ਸਥਿਤੀ ਉਦੋਂ ਵਾਪਰਦੀ ਹੈ ਜਦੋਂ ਰਾਤ ਦਾ ਤਾਪਮਾਨ ਆਮ ਨਾਲੋਂ 4.5 ਤੋਂ 6.4 ਡਿਗਰੀ ਸੈਲਸੀਅਸ ਵੱਧ ਹੁੰਦਾ ਹੈ, ਜਦੋਂ ਕਿ ਦਿਨ ਦਾ ਤਾਪਮਾਨ 40 ਡਿਗਰੀ ਸੈਲਸੀਅਸ ਜਾਂ ਇਸ ਤੋਂ ਉੱਪਰ ਰਹਿੰਦਾ ਹੈ। ਇਸ ਦੇ ਨਤੀਜੇ ਵਜੋਂ ਰਾਤ ਨੂੰ ਵੀ ਗਰਮੀ ਤੋਂ ਕੋਈ ਰਾਹਤ ਨਹੀਂ ਮਿਲਦੀ, ਅਤੇ ਮੌਸਮ ਅਸਧਾਰਨ ਤੌਰ 'ਤੇ ਗਰਮ ਰਹਿੰਦਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦਿੱਲੀ ਪੁਲਿਸ ਦਾ ਹੈੱਡ ਕਾਂਸਟੇਬਲ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ



**ਨਵੀਂ ਦਿੱਲੀ:** ਕੇਂਦਰੀ ਜਾਂਚ ਬਿਊਰੋ (ਛਬੀ) ਨੇ ਦਿੱਲੀ ਪੁਲਿਸ ਦੇ ਐਂਟੀ ਨਾਰਕੋਟਿਕ ਸੈੱਲ, ਦਵਾਰਕਾ ਵਿਖੇ ਤਾਇਨਾਤ ਮੁਲਜ਼ਮ ਹੈੱਡ ਕਾਂਸਟੇਬਲ ਅਜੇ ਨੂੰ ਸ਼ਿਕਾਇਤਕਰਤਾ ਤੋਂ 2 ਲੱਖ ਰੁਪਏ ਦੀ ਮੰਗ ਕਰਨ ਅਤੇ ਸਵੀਕਾਰ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਲਜ਼ਾਮ ਲਗਾਇਆ ਗਿਆ ਸੀ ਕਿ ਮੁਲਜ਼ਮ ਹੈੱਡ ਕਾਂਸਟੇਬਲ ਅਤੇ ਹੋਰਾਂ ਨੇ ਸ਼ਿਕਾਇਤਕਰਤਾ ਨੂੰ ਕਿਸੇ ਕੇਸ ਵਿੱਚ ਝੂਠਾ ਨਾ ਫਸਾਉਣ ਬਦਲੇ 15 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਵੀ ਇਲਜ਼ਾਮ ਲਾਇਆ ਗਿਆ ਸੀ ਕਿ ਮੁਲਜ਼ਮ ਹੈੱਡ ਕਾਂਸਟੇਬਲ ਨੇ 21.04.2026 ਤੱਕ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 5 ਲੱਖ ਰੁਪਏ ਦੇਣ ਦੇ ਨਿਰਦੇਸ਼ ਦਿੱਤੇ ਸਨ। CBI ਨੇ 21.04.2026 ਨੂੰ ਜਾਲ ਵਿਛਾਇਆ ਅਤੇ ਦਿੱਲੀ ਪੁਲਿਸ ਦੇ ਐਂਟੀ ਨਾਰਕੋਟਿਕ ਸੈੱਲ (ਦਵਾਰਕਾ) ਦੇ ਹੈੱਡ ਕਾਂਸਟੇਬਲ ਨੂੰ ਸ਼ਿਕਾਇਤਕਰਤਾ ਤੋਂ ਕੁੱਲ 15 ਲੱਖ ਰੁਪਏ ਦੀ ਰਿਸ਼ਵਤ ਵਿੱਚੋਂ 2 ਲੱਖ ਰੁਪਏ ਦੀ ਅੰਸ਼ਿਕ ਅਦਾਇਗੀ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਕਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਦਫ਼ਤਰ ਦੀ ਤਲਾਸ਼ੀ ਦੌਰਾਨ 48.87 ਲੱਖ ਰੁਪਏ ਦੀ ਨਕਦੀ ਜ਼ਬਤ ਕੀਤੀ ਗਈ ਹੈ। ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।


Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# PSPCL ਵੱਲੋਂ ਬਿਜਲੀ ਕਟ ਲਗਾਉਣ ਨੂੰ ਲੈ ਕੇ ਜਾਰੀ ਕੀਤਾ ਗਿਆ ਪਬਲਿਕ ਨੋਟਿਸ

PSPCL



**ਮੋਹਾਲੀ:** ਪੰਜਾਬ ਵਿੱਚ ਲੋਕਾਂ ਨੂੰ ਅਗਲੇ 5 ਦਿਨ ਲੰਬੇ ਬਿਜਲੀ ਕੱਟ ਝੱਲਣੇ ਪੈ ਸਕਦੇ ਹਨ। ਪਾਵਰਕੌਮ (ਫਸ਼ਫਛਲ) ਵੱਲੋਂ ਬਿਜਲੀ ਕੱਟ ਲਗਾਉਣ ਸਬੰਧੀ ਜਨਤਕ ਨੋਟਿਸ ਜਾਰੀ ਕੀਤਾ ਗਿਆ ਹੈ। ਜਿਸ ਮੁਤਾਬਕ 21 ਅਪ੍ਰੈਲ ਤੋਂ 28 ਅਪ੍ਰੈਲ ਤੱਕ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ ਅਤੇ ਪਟਿਆਲਾ ਵਿੱਚ ਲੰਬੇ ਬਿਜਲੀ ਕੱਟ ਲੱਗਣਗੇ। ਇਸ ਦੇ ਲਈ ਪਾਵਰਕੌਮ ਨੇ ਬਿਜਲੀ ਵੰਡ ਪ੍ਰਣਾਲੀ ਵਿੱਚ ਸੁਧਾਰ ਅਤੇ ਆ ਾ ਧੁ ਨਿ ਕ ੀ ਕ ਰ ਨ (ੋਦਏਰਨਿਜ਼ੳਟਿੋਨ) ਦਾ ਹਵਾਲਾ ਦਿੱਤਾ ਹੈ। ਇਨ੍ਹਾਂ ਸ਼ਹਿਰਾਂ ਵਿੱਚ 8 ਤੋਂ 10 ਘੰਟੇ ਤੱਕ ਦਾ ਪਾਵਰ ਕੱਟ ਰਹੇਗਾ। ਹਾਲਾਂਕਿ ਪੰਜਾਬ ਵਿੱਚ ਲਗਾਤਾਰ ਗਰਮੀ ਵਧ ਰਹੀ ਹੈ ਅਤੇ ਮੌਸਮ ਵਿਭਾਗ ਨੇ 3 ਦਿਨਾਂ ਲਈ ਹੀਟਵੇਵ ਦਾ ਯੈਲੋ ਅਲਰਟ ਜਾਰੀ ਕੀਤਾ ਹੈ। 21 ਜ਼ਿਲ੍ਹਿਆਂ ਵਿੱਚ ਤਾਪਮਾਨ 35 ਡਿਗਰੀ ਨੂੰ ਪਾਰ ਕਰ ਚੁੱਕਾ ਹੈ।

ਸਿਹਤ ਵਿਭਾਗ ਨੂੰ ਐਡਵਾਈਜ਼ਰੀ ਵੀ ਜਾਰੀ ਕਰਨੀ ਪਈ ਹੈ। ਉੱਥੇ ਹੀ ਹਸਪਤਾਲਾਂ ਨੂੰ ਹਾਈ ਅਲਰਟ 'ਤੇ ਰੱਖਦਿਆਂ ਵਿਸ਼ੇਸ਼ ਵਾਰਡ ਬਣਾਉਣ ਦੇ ਨਾਲ-ਨਾਲ 24 ਘੰਟੇ ਸਟਾਫ਼ ਤਾਇਨਾਤ ਕੀਤਾ ਗਿਆ ਹੈ। ਅਜਿਹੇ ਵਿੱਚ ਬਿਜਲੀ ਕੱਟਾਂ ਕਾਰਨ ਗਰਮੀ ਦੇ ਹਾਲਾਤ ਹੋਰ ਵਿਗੜ ਸਕਦੇ ਹਨ।

**ਤਰੀਕ ਅਨੁਸਾਰ ਜਾਣੋ: ਕਿੱਥੇ, ਕਦੋਂ ਅਤੇ ਕਿੰਨੀ ਦੇਰ ਲੱਗਣਗੇ ਕੱਟ**


21 ਅਪ੍ਰੈਲ

ਮੋਹਾਲੀ: ਛੱਲੀ ਕਲਾਂ, ਮੱਛਲੀ ਖੁਰਦ, ਚੁਰਮਾਜਰਾ, ਸੈਦਪੁਰ, ਸਵਾਰਾ, ਆਈ.ਟੀ. ਸਿਟੀ ਬਲਾਕ-ਬੀ, ਬੈਰੀ ਏ.ਪੀ., ਧਾਰਾ 10/1, ਪਿੰਡ ਸਿਆਉਂ, ਪੱਤੋਂ, ਕੁਦਾਂ, ਸਖਾ ਮਾਜਰਾ, ਤੰਗੌਰ, ਮਨਕਾਪੁਰ, ਕਲੇਰ ਡੇਅਰੀ, ਪੀ.ਐਚ. 3ਬੀ2, ਫੇਜ਼ 3ਏ, 381, 382 ਮੋਹਾਲੀ, ਪੀ.ਐਚ.-5, ਜੇ ਬਲਾਕ, ਪਿੰਡ ਕੁਰੀ, ਇੰਫੋਸਿਸ ਅਤੇ 1-35, ਹਲਕਾ ਯੂ.ਪੀ.ਐਸ., ਪੰਜਾਬ ਆਫੀਸਰ ਸੋਸਾਇਟੀ, ਵਿੰਸਲੇਟ ਲੈਬ, ਮਥਿਆਰਾ ਏ.ਪੀ., ਹਾਊਸਫੈੱਡ, ਕਨੌਰ ਏ.ਪੀ., ਸੇਖਨਮਾਜਰਾ ਏ.ਪੀ., ਲਾਂਡਰਾਂ ਰੋਡ, ਜੰਗਪੁਰਾ ਯੂ.ਪੀ.ਐਸ. ਵਿੱਚ ਸਵੇਰੇ 10 ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਬਿਜਲੀ ਗੁਲ ਰਹੇਗੀ।

**ਲੁਧਿਆਣਾ:** ਜਾਗੀਰਪੁਰ, ਸੀਰਾ ਰੋਡ, ਮੇਹਰਬਾਨ, ਪਿੰਡ ਸਾਹਿਬਾਂ, ਮੁੰਡੀਆਂ ਕਲਾਂ, ਟਿੱਬਾ ਰੋਡ, ਹੀਰਾਨਗਰ, ਸੈਣੀ ਕਾਲੋਨੀ, ਬਾਬਾ ਦੀਪ ਸਿੰਘ ਨਗਰ ਗਲੀ ਨੰਬਰ 7, ਕੈਲਾਸ਼ ਨਗਰ, ਆਰ.ਕੇ. ਰੋਡ ਸਲੱਮ ਏਰੀਆ, ਟੈਕਸਟਾਈਲ ਕਾਲੋਨੀ, ਸ਼ਿਵ ਚੌਕ, ਕੈਂਸਰ ਹਸਪਤਾਲ, ਜੀਵਨ ਨਗਰ, ਵੀਰ ਪੈਲੇਸ ਨੇੜੇ ਸ਼ਕਤੀ ਨਗਰ, ਗੋਪਾਲ ਨਗਰ ਚੌਕ ਤੋਂ ਗੁਲਾਬੀ ਬਾਗ ਇਲਾਕਾ, ਐਚ-ਬਲਾਕ, ਬੀ.ਆਰ.ਐੱਸ. ਨਗਰ ਅਤੇ ਲੋਧੀ ਕਲੱਬ ਦੇ ਇਲਾਕੇ ਵਿੱਚ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ। ਲੁਧਿਆਣਾ ਦੇ ਖੰਨਾ ਵਿੱਚ 66 ਕੇਵੀ ਗ੍ਰਿਡ ਜਲ੍ਹਾ, ਟੋਹੜਾ, ਝਾਲਖੇੜੀ ਪਲਾਂਟ ਦੀ ਸਪਲਾਈ ਪ੍ਰਭਾਵਿਤ ਰਹੇਗੀ। ਇਸ ਦੌਰਾਨ ਖੰਨਾ ਅਤੇ ਅਮਲੋਹ ਦੇ ਅਮਲੋਹ ਸ਼ਹਿਰ, ਬੁੱਗਾ ਕਲਾਂ, ਬੁੱਗਾ ਖੁਰਦ, ਪਲਿਆ ਖੁਰਦ, ਪੱਲਾ ਕਲਾਂ, ਮੋਹਲਗੁਆਰਾ, ਮੂੰਗੋ, ਤੰਦਬਾਧਾ, ਚੋਬਧਰਾ, ਨਗਰ ਭਾਦਸੋਂ, ਪਿੰਡ ਰਾਮਗੜ੍ਹ, ਕਿਸ਼ਨਗੜ੍ਹ ਭਮੱਦੀ ਵਿੱਚ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਬਿਜਲੀ ਬੰਦ ਰਹੇਗੀ।

**ਜਲੰਧਰ:** ਗੁਰਦਿਆਲ ਕਾਲੋਨੀ, ਸੰਸਾਰਪੁਰ ਪਿੰਡ, ਸਲੇਮਪੁਰ ਪਿੰਡ, ਬੇਗਮਪੁਰ ਮੁਹੱਲਾ, ਸੈਂਟਰਲ ਟਾਊਨ, ਕ੍ਰਿਸ਼ਨਾ ਨਗਰ, ਪ੍ਰੇਮ ਨਗਰ, ਮੁਹੱਲਾ ਗੋਬਿੰਦਗੜ੍ਹ, ਲਾਡੋਵਾਲੀ ਰੋਡ, ਜੀ.ਐਮ. ਐਨਕਲੇਵ, ਸਰਾਭਾ ਨਗਰ, ਗ੍ਰੀਨ ਪਾਰਕ, ਗਲੇਨਮੋਰ ਗ੍ਰੀਨ, ਗਿੱਲ ਕਾਲੋਨੀ, ਖਾਂਬੜਾ ਅੱਡਾ, ਦਸ਼ਮੇਸ਼ ਐਵੇਨਿਊ, ਮਿੱਠਾਪੁਰ, ਬਸਤੀ ਦਾਨਿਸ਼ਮੰਦਾਂ, ਹਨੂਮਾਨ ਮੰਦਰ, ਟਾਂਡਾ ਰੋਡ, ਪ੍ਰਭਾਤ ਨਗਰ ਇਲਾਕੇ ਵਿੱਚ ਸਵੇਰੇ 10 ਤੋਂ ਦੁਪਹਿਰ 2 ਵਜੇ ਤੱਕ ਬਿਜਲੀ ਬੰਦ ਰਹੇਗੀ।

# ਕੁੱਤੇ ਘੁਮਾਉਣ ਗਏ ਵਿਅਕਤੀ ਦਾ ਗੋਲੀ ਮਾਰ ਕੇ ਕਤਲ





**ਅੰਮ੍ਰਿਤਸਰ ।** ਅੰਮ੍ਰਿਤਸਰ ਦੇ ਥਾਣਾ ਗੇਟ ਹਕੀਮਾ ਇਲਾਕੇ ਵਿਚ ਦੇਰ ਰਾਤ ਕੁੱਤੇ ਘੁਮਾਉਣ ਗਏ ਇਕ ਵਿਅਕਤੀ ਦਾ ਕਤਲ ਕਰ ਦਿਤਾ ਗਿਆ। ਮ੍ਰਿਤਕ ਦੀ ਪਛਾਣ ਨਰਾਇਣ ਦਾਸ ਵਜੋਂ ਹੋਈ ਹੈ, ਜੋ ਅਪਣੇ ਘਰ ਦੇ ਨੇੜੇ ਹੀ ਜਨਰਲ ਸਟੋਰ ਚਲਾਉਂਦਾ ਸੀ।

ਪਰਿਵਾਰ ਮੁਤਾਬਕ, ਨਰਾਇਣ ਦਾਸ ਹਰ ਰੋਜ਼ ਦੀ ਤਰ੍ਹਾਂ ਰਾਤ ਨੂੰ ਅਪਣੇ ਕੁੱਤਿਆਂ ਨੂੰ ਘੁਮਾਉਣ ਲਈ ਬਾਹਰ ਨਿਕਲਿਆ ਸੀ। ਇਸ ਦੌਰਾਨ ਅਚਾਨਕ ਗੋਲੀ ਚੱਲਣ ਦੀ ਆਵਾਜ਼ ਆਈ ਅਤੇ ਉਸ ਨੇ ਘਰ ਫ਼ੋਨ ਕਰ ਕੇ ਦਸਿਆ ਕਿ ਉਸ ਨੂੰ ਗੋਲੀ ਲੱਗੀ ਹੈ। ਪਰਵਾਰ ਤੁਰਤ ਮੌਕੇ 'ਤੇ ਪਹੁੰਚਿਆ ਅਤੇ ਉਸ ਨੂੰ ਹਸਪਤਾਲ ਲੈ ਕੇ ਗਿਆ, ਜਿੱਥੇ ਕਰੀਬ ਅੱਧੇ ਘੰਟੇ ਬਾਅਦ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਨੇ ਦਸਿਆ ਕਿ ਨਰਾਇਣ ਦਾਸ ਦਾ ਕਿਸੇ ਨਾਲ ਕੋਈ ਵੱਡਾ ਝਗੜਾ ਨਹੀਂ ਸੀ। ਹਾਲਾਂਕਿ, ਨੇੜੇ ਦੀ ਇਕ ਦੁਕਾਨ ਨਾਲ ਇਨਵਰਟਰ ਨੂੰ ਲੈ ਕੇ ਹਲਕਾ ਵਿਵਾਦ ਚੱਲ ਰਿਹਾ ਸੀ, ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਮਾਮਲਾ ਇਸ ਹੱਦ ਤਕ ਪਹੁੰਚ ਜਾਵੇਗਾ। ਉਨ੍ਹਾਂ ਨੇ ਦੋਸ਼ੀ ਲਈ ਸਖ਼ਤ ਸਜ਼ਾ ਦੀ ਮੰਗ ਕੀਤੀ ਹੈ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਏਸਪੀ ਵਿਸ਼ਾਲਜੀਤ ਸਿੰਘ ਨੇ ਦਸਿਆ ਕਿ ਸ਼ੁਰੂਆਤ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਨਰਾਇਣ ਦਾਸ ਨੇ ਇਕ ਦੁਕਾਨ ਦੇ ਸ਼ਟਰ 'ਤੇ ਲੱਕੜ ਨਾਲ ਵਾਰ ਕੀਤਾ, ਜਿਸ ਤੋਂ ਬਾਅਦ ਗੁਆਂਢੀ ਰਜਨੀਸ਼ ਨਾਲ ਤਕਰਾਰ ਹੋ ਗਈ।

ਤਕਰਾਰ ਦੌਰਾਨ ਰਜਨੀਸ਼ ਨੇ ਅਪਣੀ 12 ਬੋਰ ਲਾਈਸੈਂਸੀ ਬੰਦੂਕ ਨਾਲ ਗੋਲੀ ਚਲਾਈ, ਜੋ ਨਰਾਇਣ ਦਾਸ ਦੀ ਲੱਤ ਵਿਚ ਲੱਗੀ। ਵੱਧ ਖ਼ੂਨ ਵਹਿਣ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਵਾਰਦਾਤ ਵਿਚ ਵਰਤਿਆ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ। ਮਾਮਲੇ ਸਬੰਧੀ ਕੇਸ ਜਾਂਚ ਜਾਰੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# “ਪੰਜਾਬੀ ਬੋਲੀ- ਰਮਜ਼ਾਂ, ਰੁਕਾਵਟਾਂ ਤੇ ਰਾਹ” ਪੁਸਤਕ ਡਾ. ਸ ਸ ਜੌਹਲ ਤੇ ਸਾਥੀਆਂ ਵੱਲੋਂ ਲੋਕ ਅਰਪਣ

**ਲੁਧਿਆਣਾਃ 22ਅਪ੍ਰੈਲ ਗੁਰਭਿੰਦਰ ਗੁਰੀ।** ਵਿਸ਼ਵ ਪੰਜਾਬੀ ਸਭਾ ਟੋਰੰਟੋ(ਕੈਨੇਡਾ) ਵੱਲੋਂ ਪ੍ਰਕਾਸ਼ਿਤ, ਡਾ. ਆਤਮਜੀਤ ਤੇ ਗੁਰਭਜਨ ਗਿੱਲ ਵੱਲੋਂ ਸੰਪਾਦਿਤ ਵੱਡ ਆਕਾਰੀ ਪੁਸਤਕ “ ਪੰਜਾਬੀ ਬੋਲੀ- ਰਮਜ਼ਾਂ ਰੁਕਾਵਟਾਂ ਤੇ ਰਾਹ” ਨੂੰ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਤੇ ਸਿੱਖਿਆ ਸ਼ਾਸਤਰੀ ਪਦਮ ਭੂਸ਼ਨ ਡਾ. ਸ ਸ ਜੌਹਲ ਤੇ ਸਾਥੀਆਂ ਨੇ ਗੈਰ ਰਸਮੀ ਇਕੱਤਰਤਾ ਵਿੱਚ ਲੋਕ ਅਰਪਣ ਕੀਤਾ।


ਡਾ. ਸ ਸ ਜੌਹਲ ਨੇ ਇਹ ਪੁਸਤਕ ਪਾਠਕਾਂ ਤੇ ਖੋਜ ਵਿਗਿਆਨੀਆਂ ਹਵਾਲੇ ਕਰਦਿਆਂ ਕਿਹਾ ਕਿ ਕਿਸੇ ਵੀ ਬੋਲੀ ਨੂੰ ਆਪਣੇ ਵਿਰਸੇ , ਵਰਤਮਾਨ ਤੇ ਭਵਿੱਖ ਬਾਰੇ ਨਾਲੋ ਨਾਲ ਲੇਖਾ ਜੋਖਾ ਕਰਦੇ ਰਹਿਣਾ ਚਾਹੀਦਾ ਹੈ। ਇਹ ਕਿਤਾਬ ਇੱਕੋ ਵੇਲੇ ਤ੍ਰੈਕਾਲ ਦਰਸ਼ੀ ਨੀਝ ਪ੍ਰਦਾਨ ਕਰਦੀ ਹੈ। ਇਸ ਵੱਡੇ ਉੱਦਮ ਲਈ ਉਨ੍ਹਾਂ ਵਿਸ਼ਵ ਪੰਜਾਬੀ ਸਭਾ ਅਤੇ ਇਸ ਦੇ ਸੰਪਾਦਕਾਂ ਨੂੰ ਮੁਬਾਰਕ ਦਿੱਤੀ।

ਇਸ ਮੌਕੇ ਉੱਘੇ ਵਾਰਤਕ ਲੇਖਕ ਗੁਰਪ੍ਰੀਤ ਸਿੰਘ ਤੂਰ, ਰਣਜੋਧ ਸਿੰਘ, ਤੇਜਪਰਤਾਪ ਸਿੰਘ ਸੰਧੂ ਤੇ ਜਨਮੇਜਾ ਸਿੰਘ ਜੌਹਲ ਨੇ ਇਸ ਪੁਸਤਕ ਦਾ ਸੁਆਗਤ ਕੀਤਾ।

ਪੁਸਤਕ ਦੇ ਸਹਿ ਸੰਪਾਦਕ ਗੁਰਭਜਨ ਗਿੱਲ ਨੇ ਦੱਸਿਆ ਕਿ 348 ਪੰਨਿਆਂ ਦੀ ਇਸ ਪੁਸਤਕ ਵਿੱਚ 33ਪ੍ਰਮੁੱਖ ਵਿਦਵਾਨਾਂ ਦੇ ਲੇਖ ਸ਼ਾਮਲ ਹਨ। ਇਨ੍ਹਾਂ ਲੇਖਕਾਂ ਵਿੱਚ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ ਕੇ ਤੇ ਇਟਲੀ ਦੇ ਲੇਖਕਾਂ ਦੇ ਵਿਸ਼ੇਸ਼ ਲੇਖ ਸ਼ਾਮਲ ਹਨ। ਇਸ ਪੁਸਤਕ ਵਿੱਚ ਪੰਜਾਬੀ ਭਾਖਿਆ ਦਾ ਕੱਲ੍ਹ ਅੱਜ ਤੇ ਭਲਕ, ਜੋਗਾ ਸਿੰਘ (ਡਾ.

ਨੇੜ-ਭਵਿੱਖ ਵਿਚ ਪੰਜਾਬ ਦਾ ਸਰੂਪ ਕਿਹੋ ਜਿਹਾ ਹੋਵੇਗਾ,ਅਮਰਜੀਤ ਸਿੰਘ ਗਰੇਵਾਲ,ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ: ਚੁਣੌਤੀਆਂ ਤੇ ਸੰਭਾਵਨਾਵਾਂ,ਮਨਮੋਹਨ (ਡਾ.)

ਬੋਲੀ ਦੀ ਸਾਂਝ: ਕੁਝ ਇਤਿਹਾਸਕ ਰੁਕਾਵਟਾਂ, ਪਾਕਿਸਤਾਨ ਦੇ ਵਿਦ-



ਵਾਨ ਮੁਸ਼ਤਾਕ ਸੂਫ਼ੀ,

ਵਿਸ਼ਵੀਕਰਨ: ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਾਹਿਤ ਚਿੰਤਨ,ਹਰਿਭਜਨ ਸਿੰਘ ਭਾਟੀਆ (ਡਾ.)ਪੰਜਾਬੀ, ਭਾਰਤੀ ਭਾਸ਼ਾਵਾਂ ਅਤੇ ਸੱਤਾ ਸਿਆਸਤ

ਸੁਖਦੇਵ ਸਿੰਘ ਸਿਰਸਾ (ਡਾ.)

ਭਾਸ਼ਾ, ਸਭਿਆਚਾਰ ਅਤੇ ਰਾਜਨੀਤੀ: ਅੰਤਰ-ਸੰਵਾਦ,

ਬਲਦੇਵ ਸਿੰਘ ਧਾਲੀਵਾਲ (ਡਾ.),

ਪੰਜਾਬੀ ਬੋਲੀ ਦੀ ਕਹਾਣੀ: ਵਸੇਬ ਤੇ ਰਾਜ ਦੀ ਐਨਕ ਰਾਹੀਂ ,ਪਾਕਿਸਤਾਨੀ ਵਿਦਵਾਨ,

ਨਬੀਲਾ ਰਹਿਮਾਨ (ਡਾ.)

ਪੰਜਾਬੀ ਭਾਸ਼ਾ ਦੇ ਵਿਕਾਸ ਦੀਆਂ ਸਮੱਸਿਆਵਾਂ: ਅੰਦਰੂਨੀ ਵੰਗਾਰਾਂ, ਸੁਰਜੀਤ ਸਿੰਘ (ਡਾ.) ਪੰਜਾਬੀ ਭਾਸ਼ਾ ਦੀ ਕਰਤਾਰੀ ਸ਼ਕਤੀ ,ਜਗਬੀਰ ਸਿੰਘ (ਡਾ.)

ਕਲਾਸਿਕ ਭਾਸ਼ਾਵਾਂ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ,ਸਤੀਸ਼ ਕੁਮਾਰ ਵਰਮਾ (ਡਾ.)ਪੰਜਾਬ-ਪੰਜਾਬੀ ਨਾ ਖੇਡਣ ਕਰਕੇ,ਜਸਵੰਤ ਸਿੰਘ ਜ਼ਫ਼ਰ,ਐਟਮਾਲੋਜੀ: ਸਭਿਆਚਾਰਕ ਪ੍ਰਸੰਗ,ਪਰਮਜੀਤ ਢੀਂਗਰਾ (ਡਾ.)ਗਲੋਬਲ ਦੌਰ ਵਿਚ ਪੰਜਾਬੀ ਭਾਸ਼ਾ: ਚੁਣੌਤੀਆਂ ਅਤੇ ਸੰਭਾਵਨਾਵਾਂ,ਕੁਲਦੀਪ ਸਿੰਘ ਦੀਪ (ਡਾ.)ਮੈਨੂੰ ਇਉਂ ਨਾ ਮਨੋਂ ਵਿਸਾਰ, ਵੇ ਮੈਂ ਤੇਰੀ ਮਾਂ ਦੀ ਬੋਲੀਆਂ,ਗੁਰਭਜਨ ਗਿੱਲ,

ਪੰਜਾਬੀ ਬੋਲੀ: ਕੁਝ ਮੁੱਦੇ

ਆਤਮਜੀਤ (ਡਾ.)ਪੰਜਾਬੀ ਭਾਸ਼ਾ ਦਾ ਭਵਿੱਖ ਤਕਨੀਕੀ ਵਿਕਾਸ ਬਗੈਰ ਸੰਭਵ ਨਹੀਂ,ਰਾਜਿੰਦਰ ਪਾਲ ਸਿੰਘ ਬਰਾੜ (ਡਾ.)

ਬਦਲਦੇ ਸਮਿਆਂ ਵਿਚ ਪੰਜਾਬੀ ਭਾਸ਼ਾ,ਰਵੇਲ ਸਿੰਘ (ਡਾ.) ਅਦਾਲਤੀ ਕੰਮ-ਕਾਜ ਅਤੇ ਰਾਜ-ਭਾਸ਼ਾ ਪੰਜਾਬੀ ,ਮਿੱਤਰ ਸੈਨ ਮੀਤ, ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦਾ ਪੰਜਾਬੀ ਉਪਰ ਪ੍ਰਭਾਵ, ਡੀ ਪੀ ਸਿੰਘ,ਪੰਜਾਬੀ ਬੋਲੀ ਅਤੇ ਵਿਗਿਆਨ ਦੀ ਪੜ੍ਹਾਈ,ਰਛਪਾਲ ਸਿੰਘ ਸਹੋਤਾ (ਡਾ.)ਪੰਜਾਬ ਦੀਆਂ ਪੁਰਾਤਨ ਲਿਪੀਆਂ,ਅਰਵਿੰਦਰ ਸਿੰਘ ਅਮਨ (ਡਾ.)ਪੰਜਾਬੀ ਕੰਪਿਊਟਰ,ਕਿਰਪਾਲ ਸਿੰਘ ਪੰਨੂੰ ਪੰਜਾਬੀ ਦੀਆਂ ਲਿਪੀਆਂ ਅਤੇ ਬੋਲੀ ਦਾ ਵਿਕਾਸ,ਹਰਵਿੰਦਰ ਸਿੰਘ ਚੰਡੀਗੜ੍ਹ,ਲਿਪੀ ਰੇੜਕਾ,ਖੋਜੀ ਕਾਫ਼ਰ,

ਪੰਜਾਬੀ ਵਿਚ ਜ਼ਬਾਨੀ ਤਾਰੀਖ ਦੀ ਰੀਤ, ਪਾਕਿਸਤਾਨੀ ਵਿਦਵਾਨ ਸਅਈਦ ਭੁੱਟਾ (ਡਾ.),ਬ੍ਰਿਟੇਨ ਵਿਚ ਪੰਜਾਬੀ ਬੋਲੀ ਦੀ ਦਸ਼ਾ ਤੇ ਦਿਸ਼ਾ ਮਹਿੰਦਰਪਾਲ ਸਿੰਘ ਧਾਲੀਵਾਲ,ਪਰਵਾਸ ਵਿਚ ਪੰਜਾਬੀ,ਕੁਲਦੀਪ ਸਿੰਘ ਦੀਪ (ਡਾ.),ਕੈਨੇਡਾ ਤੇ ਮਾਂ-ਬੋਲੀ ਗੁਰਿੰਦਰਜੀਤ ਸਿੰਘ,ਪਰਵਾਸ ਵਿਚ ਪੰਜਾਬੀ ਬੋਲੀ,ਬਲਵਿੰਦਰ ਸਿੰਘ ਚਾਹਲ,ਯੂਰਪ ਵਿਚ ਪੰਜਾਬੀ ਬੋਲੀ,ਦਲਜਿੰਦਰ ਰਹਿਲ ਇਟਲੀ,ਪੰਜਾਬੀ ਅਨੁਵਾਦ: ਲੋੜਾਂ, ਸੀਮਾਵਾਂ ਅਤੇ ਸੰਭਾਵਨਾਵਾਂ,ਸਵਰਾਜ ਰਾਜ (ਡਾ.) ਲਿਪੀਅੰਤਰਨ : ਸਿਧਾਂਤ ਅਤੇ ਵਿਹਾਰ,ਬੂਟਾ ਸਿੰਘ ਬਰਾੜ (ਡਾ.) ਦੇ ਮਹੱਤਵਪੂਰਨ ਲੇਖ ਸ਼ਾਮਲ ਹਨ।

# ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਦਾ ਇੱਕ ਨੇਚਰ ਕੈਂਪ ਤਖਨੀ ਫੋਰੈਸਟ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ

**ਸ੍ਰੀ ਮੁਕਤਸਰ ਸਾਹਿਬ ( 22 ਅਪ੍ਰੈਲ 2026)** ਮਨਿਸਟਰੀ ਆਫ ਫਾਰਸਟ ਐਂਡ ਕਲਾਈਮੇਟ ਚੇਂਜ ਭਾਰਤ ਸਰਕਾਰ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਸ਼੍ਰੀ ਯਾਦਵਿੰਦਰ ਸਿੰਘ ਮਾਨ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਸ੍ਰੀ ਰਜਿੰਦਰ ਸੋਨੀ ਦੀ ਅਗਵਾਈ ਹੇਠ ਵਾਤਾਵਰਨ ਸਿੱਖਿਆ ਪ੍ਰੋਗਰਾਮ ਤਹਿਤ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਦਾ ਇੱਕ ਨੇਚਰ ਕੈਂਪ ਤਖਨੀ ਫੋਰੈਸਟ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 16 ਅਪ੍ਰੈਲ ਤੋਂ 18 ਅਪ੍ਰੈਲ 2026 ਤੱਕ ਲਗਾਇਆ ਗਿਆ। ਜਿਸ ਵਿੱਚ ਜਿਲ੍ਹੇ ਦੇ ਤਿੰਨ ਸਕੂਲ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਲੋਟ, ਸਰਕਾਰੀ ਹਾਈ ਸਕੂਲ ਕਰਮਗੜ੍ਹ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤੂਹੀ ਖੇੜਾ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲਜੀ (ਫਸ਼ਛਸ਼ਠ) ਚੰਡੀਗੜ੍ਹ ਦੀਆਂ ਗਾਈਡਲਾਈਨਜ਼ ਅਨੁਸਾਰ ਇਸ ਨੇਚਰ ਕੈਂਪ ਦਾ ਮੁੱਖ ਉਦੇਸ਼ ਸੀ ਕਿ ਵਿਦਿਆਰਥੀ ਕੁਦਰਤ ਨਾਲ ਜੁੜ ਕੇ ਜੀਵਾਂ ਅਤੇ ਜੰਤੂਆਂ ਦੀਆਂ ਵੱਖ-ਵੱਖ ਪ੍ਰਜਾਤੀਆਂ ਬਾਰੇ ਗਿਆਨ ਪ੍ਰਾਪਤ ਕਰ ਸਕਣ ਅਤੇ ਭਵਿੱਖ ਵਿੱਚ ਵਾਤਾਵਰਣ ਨਾਲ ਜੁੜ ਕੇ ਇਸ ਨੂੰ ਬਚਾ ਸਕਣ।

ਇਸ ਮੰਤਵ ਨੂੰ ਨਾਲ ਲੈ ਕੇ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਤਖਨੀ ਫੋਰੈਸਟ ਹੁਸ਼ਿਆਰਪੁਰ ਵਿਖੇ ਇਹ ਕੈਂਪ ਲਗਾਇਆ। ਇਸ ਕੈਂਪ ਦੇ ਨੋਡਲ ਇੰਚਾਰਜ ਸ੍ਰੀ ਰਾਜਨ ਗੋਇਲ ਸਾਇੰਸ ਮਾਸਟਰ ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਲੋਟ ਸਨ । ਇਸ ਨੇਚਰ ਕੈਂਪ ਵਿੱਚ ਵਿਦਿਆਰਥੀਆਂ ਦੁਆਰਾ ਵਾਟਰ ਵਾਕ, ਹਾਈਕਿੰਗ ਐਂਡ ਟਰੈਕਿੰਗ ਤੋਂ ਇਲਾਵਾ ਤਖ਼ਣੀ ਵਾਈਲਡ ਲਾਈਫ ਸੈਂਚੁਰੀ ਵੀ ਦਿਖਾਈ ਗਈ। ਜਿਸ ਵਿੱਚ ਵਿਦਿਆਰਥੀਆਂ ਨੂੰ ਜੰਗਲਾਤ ਵਿਭਾਗ ਪੰਜਾਬ ਦੇ ਨੁਮਾਇੰਦੇ



ਡਾ.ਅਮਨਦੀਪ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਵੱਖ ਵੱਖ ਪੰਛੀਆਂ ਦੀਆਂ ਆਵਾਜ਼ਾਂ ਤੋਂ ਪਛਾਣ ਕਰਨੀ ,ਵੱਖ-ਵੱਖ ਤਰ੍ਹਾਂ ਦੇ ਪੌਦਿਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਇਸ ਕੈਂਪ ਵਿੱਚ ਵਿਦਿਆਰਥੀਆਂ ਦਾ ਇੱਕ ਚਾਰਟ ਮੇਕਿੰਗ ਮੁਕਾਬਲਾ ਵੀ ਮੌਕੇ ਤੇ ਕਰਵਾਇਆ ਗਿਆ। ਜਿਸ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਨੂੰ ਇਨਾਮ ਵੀ ਦਿੱਤੇ ਗਏ। ਇਸ ਕੈਂਪ ਵਿੱਚ ਜੀਰੋ ਵੇਸਟ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਵੱਲੋਂ ਖਾਣੇ ਲਈ ਆਪਣੀਆਂ ਸਟੀਲ ਦੀਆਂ ਪਲੇਟਾਂ ਹੀ ਵਰਤੀਆਂ ਗਈਆਂ ਅਤੇ ਉਨਾਂ ਨੂੰ ਖੁਦ ਹੀ ਸਾਫ ਵੀ ਕੀਤਾ ਤਾਂ ਜੋ ਵਿਦਿਆਰਥੀ ਵਾਤਾਵਰਨ ਨੂੰ ਸਮਝ ਸਕਣ। ਇਸ ਦੇ ਨਾਲ -2 ਸੇ ਨੋ ਟੂ ਪਲਾਸਟਿਕ ਦਾ ਕਨਸੈਪਟ ਵੀ ਸਮਝਾਇਆ ਗਿਆ। ਵਿਦਿਆਰਥੀਆਂ ਦੇ ਸੋਣ ਲਈ ਰਾਤ ਨੂੰ ਟੈਂਟਿੰਗ ਕੀਤੀ ਗਈ ਜਿਸ ਦਾ ਵਿਦਿਆਰਥੀਆਂ ਨੇ ਬਹੁਤ ਹੀ ਆਨੰਦ ਮਾਨਿਆ। ਇਸ ਕੈਂਪ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜਨ ਲਈ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕਮਲਾ ਦੇਵੀ ਹੈਡ ਮਿਸਟ੍ਰੈਸ, ਸ਼੍ਰੀਮਤੀ ਡਿੰਪਲ ਵਰਮਾ, ਸ਼੍ਰੀਮਤੀ ਪ੍ਰਿਆ ਸਾਇੰਸ ਮਿਸਟ੍ਰੈਸ, ਸ਼੍ਰੀ ਰਵਿੰਦਰ ਸਿੰਘ ਸਾਇੰਸ ਮਾਸਟਰ, ਸ਼੍ਰੀ ਰਾਜ ਕੁਮਾਰ ਡੀ ਪੀ ਈ, ਸ਼੍ਰੀ ਨਵਜੋਤ ਕੌਰ ਲਾਇਬਰੇਰੀਅਨ, ਸ਼੍ਰੀ ਪਰਵਿੰਦਰ ਕੌਰ ਐਨ ਐਸ ਕਿਉ ਐਫ਼ ਨੇ ਵਡਮੁੱਲਾ ਯੋਗਦਾਨ ਪਾਇਆ। ਖਾਣ ਪੀਣ ਦਾ ਸਾਰਾ ਪ੍ਰਬੰਧ ਮੈਡਮ ਨਵਜੋਤ ਕੌਰ ਅਤੇ ਮੈਡਮ ਪਰਵਿੰਦਰ ਵੱਲੋਂ ਕੀਤਾ ਗਿਆ। ਵਿਦਿਆਰਥੀਆਂ ਨੂੰ ਗਾਈਡਲਾਈਨਜ ਸ਼੍ਰੀਮਤੀ ਡਿੰਪਲ ਵਰਮਾ ਹੈਡ ਮਿਸਟ੍ਰੈਸ ਵੱਲੋਂ ਦਿੱਤੀਆਂ ਗਈਆਂ। ਹਾਈਕਿੰਗ ਅਤੇ ਟਰੈਕਿੰਗ ਦੀ ਸਾਰੀ ਜ਼ਿੰਮੇਵਾਰੀ ਸ਼੍ਰੀ ਰਵਿੰਦਰ ਸਿੰਘ ਅਤੇ ਸ੍ਰੀ ਰਾਜ ਕੁਮਾਰ ਜੀ ਨੇ ਬਖ਼ੂਬੀ ਹੀ ਨਿਭਾਈ ।ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਸਬੰਧੀ ,ਜ਼ੀਰੋ ਵੇਸਟ ਅਤੇ ਵਾਟਰ ਵਾਕ ਦਾ ਕਨਸੈਪਟ ਮੈਡਮ ਪ੍ਰਿਆ ਨੇ ਸਰਲ ਭਾਸ਼ਾ ਵਿੱਚ ਸਮਝਾਇਆ। ਜਿਲ੍ਹੇ ਦੇ ਈਕੋ ਕਲੱਬ ਕੋਆਰਡੀਨੇਟਰ ਅਤੇ ਸਕੂਲ ਦੇ ਸਾਇੰਸ ਮਾਸਟਰ ਸ੍ਰੀ ਰਾਜਨ ਕੁਮਾਰ ਗੋਇਲ ਨੇ ਜਿਲਾ ਮੀਡੀਆ ਕੋਆਰਡੀਨੇਟਰ ਸ੍ਰੀ ਜਸਵਿੰਦਰ ਸ਼ਰਮਾ ਨਾਲ ਗੱਲਬਾਤ ਕਰਦਾ ਦੱਸਿਆ ਕਿ ਇਸ ਨਓਟੂਰਏ ਚਓਮਪ ਦੇ ਲਈ ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲਜੀ ਦੇ ਜੁਆਇੰਟ ਡਾਇਰੈਕਟਰ ਡਾ. ਬਾਠ ਅਤੇ ਪ੍ਰੋਜੈਕਟ ਸਾਇੰਟਿਸਟ ਡਾ.ਮੰਦਾਕਨੀ ਠਾਕੁਰ ਦੀ ਭੂਮਿਕਾ ਨੂੰ ਭੁਲਾਇਆ ਨਹੀਂ ਜਾ ਸਕਦਾ ਜਿਨਾਂ ਨੇ ਹਰ ਸਮੇਂ ਪੰਜਾਬ ਦੇ ਸਾਰੇ ਸਕੂਲਾਂ ਨਾਲ ਜੁੜ ਕੇ ਇਸ ਕੰਮ ਨੂੰ ਨੇਪਰੇ ਚਾੜਿਆ ਹੈ। ਇਸ ਮੌਕੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕਮਲਾਂ ਦੇਵੀ ਹੈਡ ਮਿਸਟਰੇਸ ਡਿੰਪਲ ਵਰਮਾ ਅਤੇ ਮੈਡਮ ਪ੍ਰਿਆ ਨੇ ਦੱਸਿਆ ਕਿ ਇਸ ਤਰਾਂ ਦੇ ਕੈਂਪ ਵਿਦਿਅਰਥੀਆ ਨੂੰ ਕੁਦਰਤ ਨਾਲ ਜੋੜਨ ਦਾ ਕੰਮ ਤਾਂ ਕਰਦੇ ਹੀ ਨੇ ਨਾਲ ਵਾਤਾਵਰਨ ਨੂੰ ਬਚਾਉਣ ਲਈ ਕੀ -2 ਉਪਰਾਲੇ ਕੀਤੇ ਜਾ ਸਕਦੇ ਨੇ ਦੇ ਬਾਰੇ ਵੀ ਚਾਨਣਾ ਪਾਉਂਦੇ ਨੇ। ਅੰਤ ਚ ਸ਼੍ਰੀ ਰਾਜਨ ਗੋਇਲ ਨੇ ਸਾਰੇ ਸਕੂਲਾਂ ਦਾ ਧੰਨਵਾਦ ਕੀਤਾ। ਅਤੇ ਕਿਹਾ ਕਿ ਭਵਿੱਖ ਵਿੱਚ ਅਜਿਹੇ ਕੈਂਪ ਲਗਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਵਾਤਾਵਰਨ ਨੂੰ ਨੇੜੇ ਤੋਂ ਦੇਖ ਸਕਣ ਅਤੇ ਓਹਨਾ ਮਿਨਿਸਟਰੀ ਆਫ ਫੋਰੈਸਟ ਐਂਡ ਕਲਾਈਮੇਟ ਚੇਂਜ ਭਾਰਤ ਸਰਕਾਰ ਦਾ ਵੀ ਧੰਨਵਾਦ ਕੀਤਾ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਦਿਨ ਰਾਤ ਮਿਹਨਤ ਕਰਾਂਗਾ - ਡੀ ਐਸ ਪੀ ਬੱਲ

**ਨਕੋਦਰ ਮਹਿਤਪੁਰ 22 ਅਪ੍ਰੈਲ (ਹਰਜਿੰਦਰ ਪਾਲ ਛਾਬੜਾ)** ਸਬ ਡਵੀਜ਼ਨ ਦੇ ਨਵ ਨਿਯੁਕਤ ਡੀ ਐਸ ਪੀ ਸਰਵਣ ਸਿੰਘ ਬੱਲ ਨੇ ਅਹੁਦਾ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਮੇਹਤਪੁਰ ਥਾਣੇ ਦੀ ਚੈਕਿੰਗ ਕੀਤੀ ਅਤੇ ਪੱਤਰਕਾਰਾ ਅਤੇ ਪੱਤਵੰਤੇ ਸੱਜਣਾ ਨਾਲ ਵਿਸ਼ੇਸ਼ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿਛਲੀ ਦਿਨੀਂ ਮੇਹਤਪੁਰ ਇਲਾਕੇ ਵਿੱਚ ਨਸ਼ੇ ਦੀ ਓਵਰਡੋਜ ਨਾਲ ਨੋਜਵਾਨਾਂ ਦੀਆਂ ਮੌਤਾਂ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਸੀ ਉਨ੍ਹਾਂ ਕਿਹਾ ਕਿ ਮੈ ਸਭ ਤੋਂ ਪਹਿਲਾਂ ਮੇਹਤਪੁਰ ਇਲਾਕੇ ਵਿਚੋਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ ਉਨ੍ਹਾਂ ਕਿਹਾ ਉਨ੍ਹਾਂ ਨੇ ਆਪਣੇ ਐਸ ਐਚ ਓ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਜੇਕਰ ਕਿਸੇ ਵੀ ਥਾਣੇ ਦਾ ਕੋਈ ਵੀ ਮੁਲਾਜਮ ਨਸ਼ਾ ਸਮਗਲਰਾਂ ਦੀ ਮਦਦ ਕਰਦਾ ਫੜਿਆ ਗਿਆ ਤਾ ਉਸ ਉਪਰ ਤਰੁੰਤ



**ਮਹਿਤਪੁਰ ਥਾਣੇ ਵਿਖੇ ਪੱਤਵੰਤੇ ਸੱਜਣਾ ਅਤੇ ਪੱਤਰਕਾਰਾ ਨਾ.ਲ ਬੈਠਕ ਕਰਦੇ ਨਵ ਨਿਯੁਕਤ ਡੀ ਐਸ ਪੀ ਸ਼ਾਹਕੋਟ ਸਰਵਣ ਸਿੰਘ ਬੱਲ ਨਾਲ ਹਨ ਥਾਣਾ ਮੁਖੀ ਲਾਭ ਸਿੰਘ।**

ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ 24 ਘੰਟਿਆਂ ਵਿੱਚ ਕਦੇ ਵੀ ਆਪਣੀ ਸਬ ਡਵੀਜ਼ਨ ਅਧੀਨ ਪੈਂਦੇ ਥਾਣਿਆਂ ਦੀ ਚੈਕਿੰਗ ਕੀਤੀ ਜਾਵੇਗੀ। ਡੀ ਐਸ ਪੀ ਬੱਲ ਨੇ ਨਸ਼ਾ ਤਸਕਰਾਂ, ਗੁੰਡੇ ਅਨਸਰਾਂ, ਰੇਤ ਮਾਫੀਆ ਅਤੇ ਹੋਰ ਮਾੜੇ ਅਨਸਰਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਗੈਰ ਕਾਨੂੰਨੀ ਕੰਮ ਕਰਨੇ ਬੰਦ ਕਰ ਦੇਣ ਨਹੀ ਤਾਂ ਉਨ੍ਹਾਂ ਤੇ ਕਾਨੂੰਨੀ ਕਾਰਵਾਈ ਕਰ ਜੇਲ ਭੇਜਿਆ ਜਾਵੇਗਾ। ਉਨ੍ਹਾਂ ਸਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਲਾਕੇ ਵਿੱਚੋਂ ਨਸ਼ਿਆਂ ਦਾ ਕੋਹੜ ਕੱਢਣ ਲਈ ਅਤੇ ਜਵਾਨੀ ਬਚਾਉਣ ਲਈ ਪੁਲਿਸ ਦਾ ਸਹਿਯੋਗ ਕਰਨ ਮੈ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੇਹਤਪੁਰ ਇਲਾਕੇ ਨੂੰ ਨਸ਼ਾ ਮੁਕਤ ਕਰਨ ਲਈ ਦਿਨ ਰਾਤ ਮਿਹਨਤ ਕਰਾਂਗਾ। ਉਨ੍ਹਾਂ ਸਕੂਲਾਂ ਅੱਗੇ ਬੇਵਜ੍ਹਾ ਖੜ ਰਹੇ ਭੂੰਡ ਆਸ਼ਕਾਂ, ਮੋਟਰਸਾਈਕਲਾ ਤੇ ਹੁਲੜਬਾਜ਼ੀ ਕਰ ਰਹੇ ਨੋਜਵਾਨਾਂ ਨੂੰ ਵੀ ਚਿਤਾਵਨੀ ਦਿੱਤੀ ਕਿ ਸੁਧਰ ਜਾਓ ਨਹੀਂ ਤਾਂ ਆਉਣ ਵਾਲੇ ਦਿਨਾਂ ਵਿਚ ਪੁਲਿਸ ਸਖ਼ਤੀ ਨਾਲ ਪੇਸ਼ ਆਵੇਗੀ।

# ਡੀ ਐਸ ਪੀ ਸਰਵਨ ਸਿੰਘ ਬੱਲ ਵੱਲੋਂ ਥਾਣਾ ਮਹਿਤਪੁਰ ਵਿਖੇ ਹੰਗਾਮੀ ਪ੍ਰੈਸ ਕਾਨਫਰੰਸ

**ਨਜਾਇਜ਼ ਮਾਈਨਿੰਗ, ਨਸ਼ਾ, ਲੁੱਟ ਖੋਹ,ਦੇਹ ਵਿਉਪਾਰ, ਦੜਾ ਸੱਟਾਂ ਆਦਿ ਅਪਰਾਧੀਆਂ ਨੂੰ ਦਿਤੀ ਸਖਤ ਚਿਤਾਵਨੀ**

**ਮਹਿਤਪੁਰ,22 ਅਪ੍ਰੈਲ (ਹਰਜਿੰਦਰ ਸਿੰਘ ਚੰਦੀ)–** ਵਿਧਾਨ ਸਭਾ ਹਲਕਾ ਸ਼ਾਹਕੋਟ ਵਿਖੇ ਹਾਲ ਹੀ ਵਿਚ ਬਤੌਰ ਡੀਐਸਪੀ ਚਾਰਜ ਸੰਭਾਲਦਿਆਂ ਡੀ ਐਸ ਪੀ ਸਰਵਨ ਸਿੰਘ ਬੱਲ ਵੱਲੋਂ ਥਾਣਾ ਮਹਿਤਪੁਰ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ ਇਸ ਮੌਕੇ ਉਨ੍ਹਾਂ ਆਪਣੇ ਹੁਣ ਤੱਕ ਦੇ ਸਫ਼ਰ ਤੇ ਰੋਸ਼ਨੀ ਪਾਉਂਦਿਆਂ ਜਿਥੇ ਹੁਣ ਤੱਕ ਦੀ ਡਿਊਟੀ ਦੌਰਾਨ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ ਉਥੇ ਪੰਜਾਬ ਪੁਲਿਸ ਦੇ ਤਨਮਨ ਨਾਲ ਡਿਊਟੀ ਨਿਭਾਉਣ ਵਾਲੇ ਸਾਥੀਆਂ ਨੂੰ ਵੀ ਯਾਦ ਕੀਤਾ। ਇਸ ਮੌਕੇ ਡੀ ਐਸ ਪੀ ਸਰਵਨ ਸਿੰਘ ਬੱਲ ਨੇ ਆਖਿਆ ਕਿ ਇਲ-ਾਕੇ ਵਿਚ ਕਨੂੰਨ ਵਿਵਸਥਾ ਬਣਾਈ ਰੱਖਣਾ ਉਨ੍ਹਾਂ ਦਾ ਮੁਢਲਾ ਫਰਜ਼ ਹੈ ਅਤੇ ਕਿਸੇ ਕੀਮਤ ਤੇ ਕਨੂੰਨ ਵਿਵਸਥਾ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੰਗੇ ਸ਼ਹਿਰੀਆਂ ਲਈ ਉਨ੍ਹਾਂ ਦੇ ਦਫ਼ਤਰ ਦੇ ਦਰਵਾਜ਼ੇ ਚੋਵੀ ਘੰਟੇ ਖੁੱਲੇ ਹਨ । ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਸਾਂਝੀ ਕਰਦਿਆਂ ਆਖਿਆ ਕਿ ਬੇ ਸ਼ੱਕ ਇਲਾਕਾ ਸ਼ਾਹਕੋਟ ਉਨ੍ਹਾਂ ਲਈ ਨਵਾਂ ਹੈ ਪਰ ਉਨ੍ਹਾਂ ਦਾ ਤਜ਼ਰਬਾ ਬਹੁਤ ਪੁਰਾਣਾ ਹੈ ਉਨ੍ਹਾਂ ਕਿਹਾ ਕਿ ਇਹ ਇਲਾਕਾ ਜ਼ਿਲ੍ਹਾ ਜਲੰਧਰ ਦੀ ਹੱਦ ਬਾਰਡਰ ਏਰੀਆ ਹੋਣ ਕਰਕੇ ਇਥੇ ਦੀਆਂ ਮੁੱਖ ਸਮੱਸਿਆਵਾਂ ਨਜਾਇਜ਼



ਮਾਈਨਿੰਗ, ਨਸ਼ਾ ਤਸਕਰੀ, ਲੁੱਟ ਖੋਹ,ਦੇਹ ਵਿਉਪਾਰ,ਦੜਾ ਸੱਟਾ, ਰਹੀਆਂ ਹਨ ਪਰ ਅਜਿਹੇ ਲੋਕ ਬਹੁਤੀ ਦੇਰ ਕਨੂੰਨ ਨਾਲ ਲੁਕਣ ਮੀਟੀ ਨਹੀਂ ਖੇਡ ਸਕਦੇ । ਹੁਣ ਅਜਿਹੇ ਅਪਰਾਧੀਆਂ ਨੂੰ ਕਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ ਅਤੇ ਬਹੁਤ ਜਲਦ ਅਜਿਹੇ ਅਪਰਾਧੀ ਸਲਾਖਾਂ ਪਿਛੇ ਨਜ਼ਰ ਆਉਣਗੇ। ਪ੍ਰੈਸ ਵੱਲੋਂ ਮਹਿਤਪੁਰ ਟ੍ਰੈਫਿਕ ਸਮੱਸਿਆ ਬਾਬਤ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਜਲਦ ਹੀ ਮਹਿਤਪੁਰ ਦੀ ਟਰੈਫਿਕ ਸਮੱਸਿਆ ਨੂੰ ਕੰਟਰੋਲ ਕਰਨ ਲਈ ਯੋਗ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਡੀਐਸਪੀ ਬੱਲ ਵੱਲੋਂ ਸਮੂਹ ਇਲ-ਾਕਾ ਨਿਵਾਸੀਆਂ, ਜਥੇਬੰਦੀਆਂ, ਪੰਚਾਇਤਾਂ, ਅਤੇ ਮੋਹਤਬਰ ਆਗੂਆਂ ਨੂੰ ਪੁਲਿਸ ਦਾ ਸਾਥ ਦੇਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਪੁਲੀਸ, ਪਬਲਿਕ ਅਤੇ ਪ੍ਰੈਸ ਮਿਲਕੇ ਇਕ ਵਧੀਆ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਅਤੇ ਸਹਿਯੋਗ ਦੇਣ ਲਈ ਉਹ ਸਾਰਿਆਂ ਦੇ ਵਿਸ਼ੇਸ਼ ਧੰਨਵਾਦੀ ਹਨ।ਉਨ੍ਹਾਂ ਨੋਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਜੋਂ ਪਿੰਡਾਂ ਵਿਚ ਨਸ਼ਾ ਪੀੜਤ ਰੋਗੀ ਹਨ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਭੇਜਿਆ ਜਾਵੇ ਇਸ ਲਈ ਪੁਲਿਸ ਹਰ ਸੰਭਵ ਮਦਦ ਲਈ ਤਿਆਰ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਬਿਨਾ ਨੰਬਰੀ ਮੋਟਰਸਾਈਕਲ ਅਤੇ ਪਟਾਕੇ ਚਲਾਉਣ ਵਾਲੇ ਵ੍ਹੀਕਲ ਨੂੰ ਜ਼ਬਤ ਕਰਕੇ ਕਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਮਹਿਤਪੁਰ ਦੇ ਥਾਣਾ ਮੁਖੀ ਲਾਭ ਸਿੰਘ ਸਮੇਤ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਨਾਲ ਸਬੰਧਤ ਇਲਾਕੇ ਦੇ ਸਮੂਹ ਪੱਤਰਕਾਰ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਵਿਖੇ ਏਕੀਕ੍ਰਿਤ ਸਾਇੰਸ ਲੈਬ ਦਾ ਹੋਇਆ ਉਦਘਾਟਨ

**ਪੰਜਾਬ ਸਰਕਾਰ ਦੁਆਰਾ ਜੋ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ, ਉਸ ਸਦਕਾ ਹੀ ਸਕੂਲ ਦੇ ਸਾਰੇ ਵਿਦਿਆਰਥੀ ਵਧੀਆ ਪੜ੍ਹਾਈ ਕਰਕੇ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ- ਸਮਰਿਤੂ ਰਾਣਾ**



**ਹੁਸ਼ਿਆਰਪੁਰ , 22 ਅਪ੍ਰੈਲ (ਤਰਸੇਮ ਦੀਵਾਨਾ)** - ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਵਿਖੇ ਏਕੀਕ੍ਰਿਤ ਸਾਇੰਸ ਲੈਬ ਦਾ ਉਦਘਾਟਨ ਬੀਬੀ ਇੰਦਰਜੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਕੀਤਾ ਗਿਆ। ਇਸ ਮੌਕੇ ਹੈਡਮਿਸਟ੍ਰੈਸ ਸਮਰਿਤੂ ਰਾਣਾ ਨੇ ਆਪਣੇ ਸਕੂਲ ਦੀਆਂ ਉਪਲੱਬਧੀਆਂ ਦੱਸਦੇ ਹੋਏ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਜੋ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ, ਉਸ ਸਦਕਾ ਹੀ ਸਕੂਲ ਦੇ ਸਾਰੇ ਵਿਦਿਆਰਥੀ ਵਧੀਆ ਪੜ੍ਹਾਈ ਕਰਕੇ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਮੌਕੇ ਬੀਬੀ ਇੰਦਰਜੀਤ ਕੌਰ ਅਤੇ ਪਰਵਿੰਦਰ ਸਿੰਘ ਸੱਜਣ ਨੇ ਕਿਹਾ ਕਿ ਸਕੂਲ ਦੀ ਜਿਹੜੀ ਵੀ ਜਰੂਰਤ ਹੋਵੇਗੀ, ਉਸ ਨੂੰ ਪੂਰਾ ਕਰਨ ਦਾ ਵਿਸ਼ਵਾਸ ਦਵਾਇਆ। ਇਸ ਮੌਕੇ ਬਲਵਿੰਦਰ ਸਿੰਘ ਸੱਜਣ, ਅਨੁਰਾਧਾ ਦੱਤਾ, ਮੈਂਬਰ ਬਲਾਕ ਸੰਮਤੀ ਹਰਦੇਵ ਸਿੰਘ ਕੌਸ਼ਲ, ਸਰਪੰਚ ਗੋਬਿੰਦਪੁਰ ਖੁਣ-ਖੁਣ, ਸਮੂਹ ਪੰਚਾਇਤ ਮੈਂਬਰ, ਐਸ.ਐਮ.ਸੀ. ਮੈਂਬਰ, ਸਕੂਲ ਸਟਾਫ, ਪਤਵੰਤੇ ਸੱਜਣ ਅਤੇ ਪਿੰਡ ਨਿਵਾਸੀ ਹਾਜ਼ਰ ਸਨ। ਫੋਟੋ ਅਜਮੇਰ ਦੀਵਾਨਾ

# ਪਿੰਡ ਨਾਈ ਮਜਾਰਾ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸ਼ਰਧਾ ਭਾਵਨਾ ਨਾਲ ਮਨਾਇਆ

**ਨਵਾਂਸ਼ਹਿਰ 22 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਨਾਈ ਮਜਾਰਾ ਦੇ ਅੰਬੇਡਕਰ ਭਵਨ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਿਤੀ 19 ਅਪ੍ਰੈਲ ਦਿਨ ਐਤਵਾਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ,ਸਭ ਤੋਂ ਪਹਿਲਾਂ ਉਨ੍ਹਾਂ ਦੇ ਸੁਸ਼ੋਭਿਤ ਆਦਮਕਦ ਬੁੱਤ ਨੂੰ ਪਿੰਡ ਵਾਸੀਆਂ ਅਤੇ ਪੰਚਾਇਤ ਵਲੋਂ ਹਾਰ ਪਹਿਨਾਏ ਗਏ ਅਤੇ ਜਨਮ ਦਿਨ ਦੀ ਖੁਸ਼ੀ ਵਿਚ ਲੱਡੂ ਵਰਤਾਏ ਗਏਲ ਉਪਰੰਤ ਏਕਤਾ ਕਲਾ ਮੰਚ ਲਸਾੜਾ ਦੀ ਟੀਮ ਵਲੋਂ ਕੋਰੀਓਗ੍ਰਾਫੀ ਰਾਹੀਂ ਬਾਬਾ ਸਾਹਿਬ ਜੀ ਦੇ ਜੀਵਨ ਫਲਸਫੇ ਤੇ ਨਾਟਕ ਖੇਡਿਆ ਗਿਆ, ਮਿਸ਼ਨਰੀ ਬੁਲਾਰੇ ਭੁਪਿੰਦਰ ਬੇਗਮਪੁਰੀ, ਚਮਨ ਲਾਲ ਚਣਕੋਆ,ਹਰਬਲਾਸ ਬੱਧਣ, ਮਾਸਟਰ ਹੁਸਨ ਲਾਲ, ਅਮਰਜੀਤ ਲੰਗੜੋਆ, ਪਰਮਜੀਤ ਕਿਸ਼ਨਪੁਰਾ, ਰਾਮਜੀ ਦਾਸ ਆਦਿ ਨੇ ਆਪਣੇ ਸੰਬੋਧਨ ਵਿੱਚ ਬਾਬਾ ਸਾਹਿਬ ਜੀ



ਦੇ ਸੰਘਰਸ਼ ਭਰੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਲ ਇਸ ਮੌਕੇ ਡਾਕਟਰ ਰਾਜ ਕੁਮਾਰ, ਅਮਰੀਕ ਨਕਸ਼ਾ ਨਵੀਸ, ਪਰਮਜੀਤ ਸਾਬਕਾ ਸਰਪੰਚ, ਬਲਵਿੰਦਰ ਕੁਮਾਰ ਪੰਚ, ਨਛੱਤਰ ਕੌਰ ਪੰਚ ਚਰਨ ਕੌਰ ਸਾਬਕਾ ਪੰਚ, ਸੋਢੀ ਸਿੰਘ, ਦੇਵ ਰਾਜ, ਗੁਰਮੀਤ ਰਾਮ, ਚਰਨ ਦਾਸ, ਦੇਸ ਰਾਜ ਬਿੱਟੂ, ਸਤਪਾਲ ਆਦਿ ਸਮੇਤ ਬੀਬੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਾਜਰੀ ਲਗਵਾਈ ਲ ਜਨਮ ਦਿਨ ਦਿਨ ਦੀ ਖੁਸ਼ੀ ਵਿੱਚ ਸੁਰਜੀਤ ਸਿੰਘ ਨੰਬਰਦਾਰ ਵਲੋਂ ਟਿੱਕੀ ਪਕੌੜੇ ਦਾ ਲਗਾਇਆ ਗਿਆ ਅਤੇ ਪ੍ਰਬੰਧਕਾਂ ਵਲੋਂ ਪੂੜੀ ਛੋਲਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ ਲ ਆਖਿਰ ਵਿੱਚ ਅਮਰੀਕ ਨਕਸ਼ਾ ਨਵੀਸ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਆਪਣੇ ਸੰਬੋਧਨ ਵਿੱਚ ਕਿਹਾ ਕਿ ਬਾਬਾ ਸਾਹਿਬ ਜੀ ਦੀ ਸਮਾਜ ਨੂੰ ਦੇਣ ਸਾਡੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਲਾਣਾ ਨਹੀਂ ਚਾਹੀਦਾ ਅਤੇ ਉਨ੍ਹਾਂ ਦੇ ਦੱਸੇ ਮਾਰਗ" ਪੜ੍ਹੋ ਜੁੜੋ ਸੰਘਰਸ਼ ਕਰੋ " ਦੇ ਰਸਤੇ ਤੇ ਚੱਲਣਾ ਚਾਹੀਦਾ ਹੈ।

# ਅੰਡਰ-16 ਕ੍ਰਿਕਟ ਵਿੱਚ ਹੁਸ਼ਿਆਰਪੁਰ ਨੇ ਫਤਿਹਗੜ੍ਹ ਸਾਹਿਬ ਨੂੰ ਇੱਕ ਪਾਰੀ ਤੇ 23 ਦੌੜਾਂ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਕੀਤਾ ਪ੍ਰਵੇਸ਼: ਡਾ. ਰਮਨ ਘਈ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਆਯੋਜਿਤ ਅੰਡਰ-16 ਅੰਤਰ ਜਿਲ੍ਹਾ ਕ੍ਰਿਕਟ ਪ੍ਰਤੀਯੋਗਤਾ ਪੂਲ-ਏ ਦੇ ਅੰਤਿਮ ਲੀਗ ਮੈਚ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਜਿਲ੍ਹਾ ਫਤਹਿਗੜ੍ਹ ਦੀ ਟੀਮ ਨੂੰ ਇੱਕ ਪਾਰੀ ਤੇ 23 ਦੌੜਾਂ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਨੇ ਪੂਲ-ਏ ਵਿੱਚ ਅਜੇ ਰਹਿੰਦਿਆਂ 19 ਅੰਕਾਂ ਦੇ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਅੱਜ ਖੇਡੇ ਗਏ ਅੰਤਿਮ ਲੀਗ ਮੈਚ ਵਿੱਚ ਫਤਹਿਗੜ੍ਹ ਸਾਹਿਬ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸਾਰੀ ਟੀਮ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਮਾਤਰ 83 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਜੋਰਾਵਰ ਸਿੰਘ ਨੇ 31 ਵ ਈਸ਼ਾਨ ਨੇ 27 ਦੌੜਾਂ ਦਾ ਯੋਗਦਾਨ ਦਿੱਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਅੰਧਰਵ ਮਹਾਜਨ ਤੇ ਗੌਤਮ ਨੇ 4-4 ਵਿਕਟ ਅਤੇ ਅਭਿਨਵ ਪ੍ਰਤਾਪ ਨੇ 2 ਖਿਡਾਰੀਆਂ ਨੂੰ ਆਊਟ ਕੀਤਾ। ਹੁਸ਼ਿਆਰਪੁਰ ਦੀ ਟੀਮ ਨੇ ਆਪਣੀ ਪਹਿਲੀ ਪਾਰੀ ਵਿੱਚ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 77 ਓਵਰਾਂ ਵਿੱਚ 4 ਵਿਕਟ ਦੇ ਨੁਕਸਾਨ ਤੇ 293 ਦੌੜਾਂ ਬਣਾ ਕੇ ਪਾਰੀ ਸਮਾਪਤੀ ਦੀ ਘੋਸ਼ਣਾ ਕਰ ਦਿੱਤੀ। ਜਿਸ ਵਿੱਚ ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਅਮਰਪ੍ਰੀਤ ਸਿੰਘ ਨੇ 81, ਯੁਗ ਗਰੋਵਰ ਨੇ ਨਾਬਾਦ 63, ਮਨਕਰਨ ਸਿੰਘ ਨੇ 62 ਤੇ ਕਪਤਾਨ ਯੁਵਰਾਜ ਠਾਕੁਰ ਨੇ 46 ਅਤੇ ਅਭਿਨਵ ਪ੍ਰਤਾਪ ਨੇ ਨਾਬਾਦ 26 ਦੌੜਾਂ ਦਾ ਯੋਗਦਾਨ ਦਿੱਤਾ। ਆਪਣੀ ਪਹਿਲੀ ਪਾਰੀ ਵਿੱਚ 210 ਦੌੜਾਂ ਤੋਂ ਪੱਛੜਨ ਤੋਂ ਬਾਅਦ ਦੂਜੀ ਪਾਰੀ ਵਿੱਚ ਬੱਲੇਬਾਜ਼ੀ ਕਰਦਿਆਂ ਫਤਹਿਗੜ੍ਹ ਸਾਹਿਬ ਦੀ ਟੀਮ ਇੱਕ ਵਾਰ ਫਿਰ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ 56.1 ਓਵਰਾਂ ਵਿੱਚ 187 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਜਿਸ ਵਿੱਚ ਹਰਦਮਨ ਜੋਤ ਸਿੰਘ ਨੇ 63 ਵ ਈਸ਼ਾਨ ਨੇ 47 ਦੌੜਾਂ ਦਾ ਯੋਗਦਾਨ ਦਿੱਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਸੰਕਲਪ ਸ਼ਰਮਾ ਨੇ 5, ਰਮਨਵੀਰ ਸਿੰਘ ਨੇ 2 ਅਤੇ ਅੰਧਰਵ ਮਹਾਜਨ ਨੇ ਫਤਹਿਗੜ੍ਹ ਸਾਹਿਬ ਦੇ 1 ਖਿਡਾਰੀ ਨੂੰ ਆਊਟ ਕੀਤਾ। ਇਸ ਤਰ੍ਹਾਂ ਹੁਸ਼ਿਆਰਪੁਰ ਦੀ ਟੀਮ ਨੇ ਇਹ ਮੈਚ ਇੱਕ ਪਾਰੀ ਤੇ 23 ਦੌੜਾਂ ਨਾਲ ਜਿੱਤ ਕੇ ਇਤਿਹਾਸ ਰਚਦਿਆਂ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਕੁਆਰਟਰ ਫਾਈਨਲ ਮੁਕਾਬਲਾ ਪਠਾਨਕੋਟ ਟੀਮ ਦੇ ਨਾਲ 25-26 ਅਪ੍ਰੈਲ ਨੂੰ ਖੇਡਿਆ ਜਾਵੇਗਾ। ਹੁਸ਼ਿਆਰਪੁਰ ਟੀਮ ਦੀ ਇਸ ਜਿੱਤ ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ ਨੇ ਸਮੂਹ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੰਦਿਆਂ ਕੁਆਰਟਰ ਫਾਈਨਲ ਮੈਚ ਲਈ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ। ਟੀਮ ਦੀ ਜਿੱਤ ਤੇ ਜਿਲ੍ਹਾ ਕੋਚ ਦਲਜੀਤ ਸਿੰਘ, ਸਹਾਇਕ ਕੋਚ ਪਰਵੀਨ ਕੁਮਾਰ, ਸਹਾਇਕ ਕੋਚ ਦਲਜੀਤ ਧੀਮਾਨ, ਸਹਾਇਕ ਕੋਚ ਦਿਨੇਸ਼ ਸ਼ਰਮਾ, ਕੋਚ ਪੰਕਜ ਪਿੰਕਾ ਅਤੇ ਜਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ ਆਦਿ ਨੇ ਵੀ ਆਪਣੀਆਂ ਸ਼ੁਭਕਾਮਨਾਵਾਂ ਦਿੰਦਿਆਂ ਵਧਾਈ ਦਿੱਤੀ। ਹੁਸ਼ਿਆਰਪੁਰ ਟੀਮ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਣ ਤੇ ਐਚ.ਡੀ.ਸੀ.ਏ. ਵੱਲੋਂ ਡਾ. ਪੰਕਜ ਸ਼ਿਵ, ਵਿਵੇਕ ਸਾਹਨੀ, ਠਾਕੁਰ ਜੋਗਰਾਜ, ਸੁਭਾਸ਼ ਸ਼ਰਮਾ, ਅਮਿਤ ਠਾਕੁਰ, ਸਤਪ੍ਰੀਤ ਸਾਬੀ ਆਦਿ ਨੇ ਵੀ ਟੀਮ ਨੂੰ ਵਧਾਈ ਦਿੱਤੀ।

**ਫੋਟੋ ਅਜਮੇਰ ਦੀਵਾਨਾ**

# ਸੁਖਬੀਰ ਸਿੰਘ ਬਾਦਲ ਵਲੋਂ ਹਨੀ ਟੌਂਸਾ ਨੂੰ ਹਲਕਾ ਇੰਚਾਰਜ ਬਲਾਚੌਰ ਲਗਾਉਣ ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ : ਸ਼ੰਕਰ ਜੰਡੀ

**ਨਵਾਂਸ਼ਹਿਰ /ਕਾਠਗੜ੍ਹ 23 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਹਨੀ ਟੌਂਸਾ ਨੂੰ ਬਲਾਚੌਰ ਹਲਕੇ ਵਿੱਚ ਪਾਰਟੀ ਇੰਚਾਰਜ ਲਾਉਣ ਨਾਲ ਅਕਾਲੀ ਦਲ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ। ਬਲਾਚੌਰ ਦੇ ਅਕਾਲੀ ਆਗੂਆਂ ਵਿੱਚ ਇਸ ਸਬੰਧੀ ਮੈ, ਮੈ, ਤੂੰ, ਤੂੰ



ਹੋਈਆਂ ਖਬਰਾਂ ਦਾ ਸਖਤ ਸ਼ਬਦਾਂ ਵਿੱਚ ਖੰਡਨ ਕਰਦਿਆਂ ਸੀਨੀਅਰ ਅਕਾਲੀ ਆਗੂ ਸ਼ੰਕਰ ਜੰਡੀ ਮੀਤ ਪ੍ਰਧਾਨ ਬੀ ਸੀ ਵਿੰਗ ਪੰਜਾਬ ਨੇ ਕਿਹਾ ਕਿ ਬਲਾਚੌਰ ਹਲਕੇ ਵਿੱਚ ਇਹੋ ਜਿਹੀ ਕੋਈ ਗੱਲ ਨਹੀਂ ਸਾਰੇ ਵਰਕਰ ਇੱਕਜੁਟ ਹਨ। ਅਤੇ 2027 ਵਿੱਚ ਅਕਾਲੀ ਦੀ ਸਰਕਾਰ ਬਣਾਉਣ ਉਤਾਵਲੇ ਹਨ ।ਉਨ੍ਹਾਂ ਜਿੱਥੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਅਤੇ ਉੱਥੇ ਹਨੀ ਟੌਂਸਾ ਨੂੰ ਵੀ ਮੁਬਾਰਕਾਂ ਦਿੱਤੀਆਂ ਹਨ।

# ਸੰਤ ਕ੍ਰਿਪਾਲ ਦਾਸ ਜੀ ਨੇ ਆਪਣਾ ਪੂਰਾ ਜੀਵਨ ਮਾਨਵਤਾ ਦੀ ਸੇਵਾ ਅਤੇ ਪ੍ਰਭੂ ਭਗਤੀ ਵਿੱਚ ਲਗਾਇਆ ਸੀ : ਸੰਤ ਸਰਵਣ ਦਾਸ,ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ /ਗਣੇਸ਼ਪੁਰ ਭਾਰਟਾ 22 ਅਪ੍ਰੈਲ ( ਤਰਸੇਮ ਦੀਵਾਨਾ )** – ਆਲ ਇੰਡੀਆ ਆਦਿ ਧਰਮ ਮਿਸ਼ਨ (ਭਾਰਤ) ਰਜਿ. ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਅਤੇ ਸੰਤ ਸਰਵਣ ਦਾਸ(ਗੱਦੀ ਨਸ਼ੀਨ ਡੇਰਾ ਸਲੇਮ ਟਾਬਰੀ, ਲੁਧਿਆਣਾ) ਨੇ ਸੰਤ ਕ੍ਰਿਪਾਲ ਦਾਸ ਜੀ ਗਣੇਸ਼ਪੁਰ ਭਾਰਟਾ ਵਾਲਿਆਂ ਦੇ ਅਚਾਨਕ ਹੋਏ ਅਕਾਲ ਚਲਾਣੇ 'ਤੇ ਡੂੰਘੇ ਅਫ਼ਸੋਸ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ । ਉਹਨਾਂ ਕਿਹਾ ਕਿ ਸੰਤ ਕ੍ਰਿਪਾਲ ਦਾਸ ਜੀ ਨੇ ਆਪਣਾ ਪੂਰਾ ਜੀਵਨ ਮਾਨ-ਵਤਾ ਦੀ ਸੇਵਾ ਅਤੇ ਪ੍ਰਭੂ ਭਗਤੀ ਵਿੱਚ ਲਗਾਇਆ ਸੀ। ਉਹਨਾ ਕਿਹਾ ਕਿ ਸੰਤ ਕ੍ਰਿਪਾਲ ਦਾਸ ਜੀ ਨਿਮਰ ਸੁਭਾਅ ਅਤੇ ਪਰਉਪਕਾਰੀ ਕਾਰਜਾਂ ਲਈ ਜਾਣੇ ਜਾਂਦੇ ਸਨ। ਉਹਨਾਂ ਕਿਹਾ ਕਿ ਇਹੋ



ਜਿਹੇ ਮਹਾਂਪੁਰਸ਼ਾਂ ਦੇ ਜਾਣ ਨਾਲ ਜੋ ਖਲਾਅ ਪੈਦਾ ਹੁੰਦਾ ਹੈ, ਉਸਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਇਹੋ ਜਿਹੇ ਮਹਾਂਪੁਰਸ਼ਾਂ ਦਾ ਜੀਵਨ ਹਮੇਸ਼ਾ ਦੂਜਿਆਂ ਲਈ ਚਾਨਣ ਮੁਨਾਰਾ ਹੁੰਦਾ ਹੈ। ਉਹਨਾਂ ਕਿਹਾ ਕਿ ਸੰਤ ਕ੍ਰਿਪਾਲ ਦਾਸ ਜੀ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਭਲਾਈ ਦੇ ਕਾਰਜ ਹਮੇਸ਼ਾ ਯਾਦ ਰੱਖੇ ਜਾਣਗੇ। ਸੰਤ ਸਤਵਿੰਦਰ ਹੀਰਾ ਅਤੇ ਸੰਤ ਸਰਵਣ ਦਾਸ ਨੇ ਕਿਹਾ ਕਿ ਸੰਤ ਕ੍ਰਿਪਾਲ ਦਾਸ ਜੀ ਨੇ ਆਪਣਾ ਪੂਰਾ ਜੀਵਨ ਮਾਨ-ਵਤਾ ਦੀ ਸੇਵਾ ਅਤੇ ਪ੍ਰਭੂ ਭਗਤੀ ਵਿੱਚ ਲਗਾਇਆ ਸੀ। ਉਹਨਾ ਕਿਹਾ ਕਿ ਸੰਤ ਕਿਰਪਾਲ ਦਾਸ ਜੀ ਲੰਮੇ ਸਮੇਂ ਤੋਂ ਇਲਾਕੇ ਦੀ ਸੰਗਤ ਨੂੰ ਮਾਲਕ ਦੇ ਚਰਨਾਂ ਨਾਲ ਜੋੜਨ ਲਈ ਕਾਰਜਸ਼ੀਲ ਰਹਿੰਦੇ ਸਨ ! ਉਹਨਾਂ ਕਿਹਾ ਕਿ ਉਨ੍ਹਾਂ ਨੇ ਨਾ ਸਿਰਫ਼ ਅਧਿਆਤਮਿਕ ਪ੍ਰਚਾਰ ਕੀਤਾ, ਸਗੋਂ ਲੋੜਵੰਦਾਂ ਦੀ ਮਦਦ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਵੀ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ।

# ਮਧੂਮੀਤ ਕੌਰ ਨੇ ਆਸ਼ਾ ਕਿਰਨ ਸਪੈਸ਼ਲ ਸਕੂਲ ਨੂੰ ਭੇਟ ਕੀਤੇ 10 ਕੂਲਰ

**ਹੁਸ਼ਿਆਰਪੁਰ 22 ਅਪ੍ਰੈਲ (ਤਰਸੇਮ ਦੀਵਾਨਾ)** – ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਵਿੱਚ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਜਨਰਲ ਸੈਕਟਰੀ ਕਰਨਲ ਗੁਰਮੀਤ ਸਿੰਘ ਦੀ ਧਰਮਪਤਨੀ ਮਧੂਮੀਤ ਕੌਰ ਨੇ ਸਪੈਸ਼ਲ ਬੱਚਿਆਂ ਲਈ ਸਕੂਲ ਵਿੱਚ 10 ਕੂਲਰ ਦਾਨ ਦਿੱਤੇ, ਜਿਸ ਨਾਲ ਗਰਮੀ ਦੇ ਮੌਸਮ ਵਿੱਚ ਬੱਚਿਆਂ ਨੂੰ ਰਾਹਤ ਮਿਲੇਗੀ ਅਤੇ ਉਨ੍ਹਾਂ ਦਾ ਵਿੱਦਿਅਕ ਵਾਤਾਵਰਣ ਹੋਰ ਵਧੇਰੇ ਸੁਵਿਧਾਜਨਕ ਰਹੇਗਾ। ਸਕੂਲ ਦੀ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਮਧੂਮੀਤ ਕੌਰ ਸਕੂਲ ਦੇ ਟੀਚਰ ਟ੍ਰੇਨਿੰਗ ਇੰਸਟੀਚਿਊਟ ਵਿੱਚ ਪ੍ਰੋਫੈਸਰ ਦੇ ਤੌਰ 'ਤੇ ਵੀ ਆਪਣੀਆਂ ਨਿ-ਸ਼ੁਲਕ ਸੇਵਾਵਾਂ ਦਿੰਦੀ ਹੈ ਜੋ ਉਨ੍ਹਾਂ



ਦੇ ਸਮਰਪਣ ਅਤੇ ਸਮਾਜ ਸੇਵਾ ਪ੍ਰਤੀ ਉਨ੍ਹਾਂ ਦੇ ਜਜ਼ਬੇ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਸਕੂਲ ਪ੍ਰਬੰਧਨ ਦੇ ਹੋਰ ਮੈਂਬਰਾਂ ਦੀਆਂ ਧਰਮਪਤਨੀਆਂ ਵੀ ਸਮੇਂ-ਸਮੇਂ 'ਤੇ ਆਪਣਾ ਸਹਿਯੋਗ ਦੇ ਕੇ ਇਸ ਸੇਵਾ ਕਾਰਜ ਵਿੱਚ ਭਾਗੀਦਾਰੀ ਨਿਭਾ ਰਹੀਆਂ ਹਨ, ਇਹ ਸਮੂਹਿਕ ਯਤਨ ਸਮਾਜ ਲਈ ਇੱਕ ਪ੍ਰੇਰਨਾਦਾਇਕ ਮਿਸਾਲ ਹੈ। ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਕਿਹਾ ਕਿ ਸਾਡਾ ਉਦੇਸ਼ ਹੈ ਕਿ ਸਮਾਜ ਦੀਆਂ ਹੋਰ ਔਰਤਾਂ ਵੀ ਇਸ ਪ੍ਰੇਰਣਾ ਨਾਲ ਅੱਗੇ ਆਉਣ ਅਤੇ ਵਿਸ਼ੇਸ਼ ਬੱਚਿਆਂ ਦੀ ਸਿੱਖਿਆ ਅਤੇ ਉਜਵਲ ਭਵਿੱਖ ਲਈ ਆਪਣਾ ਯੋਗਦਾਨ ਦੇਣ। ਇਸ ਮੌਕੇ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਸੈਕਟਰੀ ਕਰਨਲ ਗੁਰਮੀਤ ਸਿੰਘ, ਮਧੂਮੀਤ ਕੌਰ, ਰਾਮ ਆਸਰਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਮੌਜੂਦ ਸਨ।

ਸਮਾਜ ਵੀਕਲੀ ਨਿਊਜ਼

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਨੇ ਏਮਜ਼ ਰਿਸ਼ੀਕੇਸ਼ ਵਿਖੇ ਦੋ ਇਨਾਮ ਜਿੱਤ ਕੇ ਇਤਿਹਾਸ ਰਚਿਆ

**ਬੰਗਾ 22 ਅਪ੍ਰੈਲ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਪੈਰਾ ਮੈਡਕਲ ਕਾਲਜ ਢਾਹਾਂ ਕਲੇਰਾਂ ਦੇ ਦੋ ਵਿਦਿਆਰਥੀਆਂ ਜਸ਼ਨਪ੍ਰੀਤ ਕੌਰ,ਅਤੇ ਅਦਿੱਤੀ ਕੌਰ ਨੇ ਬੀਤੇ ਦਿਨੀ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਰਿਸ਼ੀਕੇਸ਼ ਵਿਖੇ "ਐਡਵਾਂਸਡ ਟੈਕਨਾਲੋਜੀਜ਼ ਇਨ ਅਨੈਸਥੀਸੀਆ ਐਂਡ ਓ.ਟੀ. ਪ੍ਰੈਕਟਿਸ" ਕਾਨਫਰੰਸ ਮੌਕੇ ਹੋਏ ਵੱਡੇ ਮੁਕਾਬਲੇ ਵਿਚੋਂ ਦੋ ਇਨਾਮ ਜਿੱਤ ਕੇ ਇਤਿਹਾਸ ਰਚਿਆ ਹੈ । ਇਹ ਜਾਣਕਾਰੀ ਕਾਲਜ ਦੇ ਵਾਈਸ ਪ੍ਰਿੰਸੀਪਲ ਰਾਜਦੀਪ ਥਿਦਵਾਰ ਨੇ ਦਿੱਤੀ । ਉਹਨਾਂ ਦੱਸਿਆ ਕਿ ਏਮਜ਼ ਰਿਸ਼ੀਕੇਸ਼ ਵਿਚ ਹੋਈ ਨੈਸ਼ਨਲ ਪੱਧਰ ਦੀ ਇਸ ਕਾਨਫਰੰਸ ਵਿਚ ਰਿਸਰਚ ਐਬਸਟਰੈਕਟ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਦੇਸ਼ ਦੇ ਵੱਖ ਵੱਖ ਕਾਲਜਾਂ ਦੇ ਲਗਭਗ 800 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਭਿਤਾ ਦਾ ਪ੍ਰਦਰਸ਼ਨ ਕਰਦੇ ਹੋਏ ਕਾਲਜ ਦੇ ਵਿਦਿਆਰਥੀ ਜਸ਼ਨਪ੍ਰੀਤ ਕੌਰ ਪੁੱਤਰੀ ਬਲਦੇਵ ਸਿੰਘ-ਸ੍ਰੀਮਤੀ ਹਰਜਿੰਦਰ ਕੌਰ ਜ਼ਿਲ੍ਹਾ ਜਲੰਧਰ (ਬੀ.ਐਸ.ਸੀ. ਆਪ੍ਰੇਸ਼ਨ ਥੀਏਟਰ ਟੈਕਨਾਲੋਜੀ, ਚੌਥਾ ਸਮੈਸਟਰ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਅਦਿੱਤੀ ਕੌਰ ਪੁੱਤਰੀ ਜਸਵੰਤ ਸਿੰਘ-ਸ੍ਰੀਮਤੀ ਮਿਨਾਕਸ਼ੀ, ਨਵਾਂਸ਼ਹਿਰ (ਬੀ.ਐਸ.ਸੀ. ਆਪ੍ਰੇਸ਼ਨ ਥੀਏਟਰ ਟੈਕਨਾਲੋਜੀ, ਚੌਥਾ ਸਮੈਸਟਰ) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਕਾਨਫਰੰਸ ਵਿਚ ਮੈਡਮ ਪਿਊਸ਼ੀ ਯਾਦਵ ਸਹਾਇਕ ਪ੍ਰੋਫੈਸਰ ਰੇਡੀਓਲੋਜੀ ਅਤੇ ਇਮੇਜਿੰਗ ਟੈਕਨਾਲੋਜੀ ਨੂੰ ਰਸਮੀ ਤੌਰ 'ਤੇ ਇੰਡੀਅਨ ਸੋਸਾਇਟੀ ਆਫ਼ ਟੈਕਨਾਲੋਜਿਸਟਸ ਦੇ ਸਰਪ੍ਰਸਤ ਵਜੋਂ ਚੁਣਿਆ ਗਿਆ, ਜਿਸ ਨੇ ਪੈਰਾ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਪਾਏ ਵਿਸ਼ੇਸ਼ ਯੋਗਦਾਨ ਨੂੰ



ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨਾਲ ਹਨ ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ

ਮਾਨਤਾ ਦਿੱਤੀ । ਉਹਨਾਂ ਦੀ ਇਹ ਚੋਣ ਸ਼ੇਸ਼ਨਾਥ ਯਾਦਵ (ਪ੍ਰਧਾਨ, ਆਈਐਸਟੀ),ਰਾਜੀਵ ਕੁਮਾਰ ਸਕਸੈਨਾ (ਸੀਨੀਅਰ ਵਾਈਸ ਪ੍ਰੈਜ਼ੀਡੈਂਟ), ਮਨੋਜ ਕੁਮਾਰ (ਵਾਈਸ ਪ੍ਰੈਜ਼ੀਡੈਂਟ), ਮੁਹੰਮਦ ਮਕਸੂਦ ਆਲਮ (ਵਾਈਸ ਪ੍ਰੈਜ਼ੀਡੈਂਟ), ਸ਼੍ਰੀ ਨਰੇਸ਼ ਕੁਮਾਰ (ਖਜ਼ਾਨਚੀ), ਸ਼੍ਰੀਮਤੀ ਮੋਨਿਕਾ ਵੇਦਰਾਜ ਜਾਧਵ (ਜਨਰਲ ਸੈਕਟਰੀ), ਸ਼੍ਰੀ ਪ੍ਰਸ਼ਾਂਤ ਮੌਰਿਆ (ਸਕੱਤਰ), ਹੇਮੰਤ ਕੁਮਾਰ (ਸੰਯੁਕਤ ਸੈਕਟਰੀ) ਅਤੇ ਸ਼੍ਰੀਮਤੀ ਮਮਤਾ ਸ਼ਰਮਾ ਵੱਲੋਂ ਕੀਤੀ ਗਈ । ਇਸ ਮੌਕੇ ਕਾਲਜ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਕਾਲਜ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਮੂਹ ਟਰੱਸਟ ਵੱਲੋਂ ਦੋਵਾਂ ਜੇਤੂ ਵਿਦਿਆਰਥੀਆਂ ਜਸ਼ਨਪ੍ਰੀਤ ਕੌਰ, ਅਦਿੱਤੀ ਕੌਰ ਅਤੇ ਮੈਡਮ ਪਿਊਸ਼ੀ ਯਾਦਵ ਨੂੰ ਉਹਨਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਵਿਸ਼ੇਸ਼ ਸਨਮਾਨ ਕੀਤਾ । ਉਹਨਾਂ ਕਿਹਾ ਕਿ ਏਮਜ਼ ਰਿਸ਼ੀਕੇਸ਼ ਵਿਖੇ ਕੌਮੀ ਪੱਧਰ ਦੀ ਕਾਨਫਰੰਸ ਵਿਚ ਇਨਾਮ ਪ੍ਰਾਪਤ ਕਰਨ ਦੀ ਇਤਿਹਾਸਕ ਜਿੱਤ, ਸਾਡੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਕਰਵਾਈ ਸਖ਼ਤ ਮਿਹਨਤ ਦਾ ਨਤੀਜਾ ਹੈ । ਜਿਸ ਲਈ ਕਾਲਜ ਪ੍ਰਿੰਸੀਪਲ ਅਤੇ ਸਮੂਹ ਸਟਾਫ ਵਧਾਈ ਦੇ ਪਾਤਰ ਹਨ। ਇਸ ਮੌਕੇ ਮਹਿੰਦਰ ਪਾਲ ਸਿੰਘ ਦਫਤਰ ਸੁਪਰਡੈਂਟ, ਆਪ੍ਰੇਸ਼ਨ ਥੀਏਟਰ ਟੈਕਨਾਲੋਜੀ ਦੇ ਸਹਾਇਕ ਪ੍ਰੋਫੈਸਰ ਸਿੰਘ ਅੰਜਲੀ ਜੈਅ ਅਤੇ ਸਹਾਇਕ ਪ੍ਰੋਫੈਸਰ ਧੀਰ ਸਿੰਘ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਮੈਡੀਕਲ ਅਤੇ ਐਜੂਕੇਸ਼ਨਲ ਟਰੱਸਟ ਦੀ ਯੋਗ ਅਗਵਾਈ ਹੇਠ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਢਾਹਾਂ ਕਲੇਰਾਂ ਪੰਜਾਬ ਵਿਚ ਪੈਰਾ ਮੈਡੀਕਲ ਵਿਦਿਆ ਦੇ ਖੇਤਰ ਦਾ ਇੱਕ ਪ੍ਰਮੁੱਖ ਸਿੱਖਿਆ ਅਦਾਰਾ ਹੈ ਅਤੇ ਜਿਸ ਦੇ ਵਿਦਿਆਰਥੀ ਲਗਾਤਾਰ ਰਾਸ਼ਟਰੀ ਪੱਧਰ ਦੀਆਂ ਅਕਾਦਮਿਕ ਕਾਨਫਰੰਸਾਂ ਵਿਚ ਟੌਪ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਮ ਰੋਸ਼ਨ ਕਰ ਰਹੇ ਹਨ ।

# ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਚਰਨ ਕੰਵਲ ਸਕੂਲ ਵਿੱਚ ਹੈਂਡ ਵਾਸ਼ ਸਟੇਸ਼ਨ ਲਗਵਾਇਆ

**ਬੰਗਾ 22 ਅਪ੍ਰੈਲ (ਚਰਨਜੀਤ ਸੱਲ੍ਹਾਂ )**ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਸਮਾਜ ਸੇਵਾ ਦੀ ਲੜੀ ਨੂੰ ਲਗਾਤਾਰ ਅੱਗੇ ਵਧਾਉਂਦੇ ਹੋਏ ਸਿਹਤ, ਸਿੱਖਿਆ ਅਤੇ ਸਫ਼ਾਈ ਦੇ ਖੇਤਰ ਵਿੱਚ ਬੇਮਿਸਾਲ ਯੋਗਦਾਨ ਦਿੱਤਾ ਜਾ ਰਿਹਾ ਹੈ। ਕਲੱਬ ਨੇ ਹਮੇਸ਼ਾ ਲੋਕ ਭਲਾਈ ਦੇ ਕਾਰਜਾਂ ਨੂੰ ਪਹਿਲ ਦਿੱਤੀ ਹੈ ਅਤੇ ਜਰੂਰਤਮੰਦ ਵਰਗਾਂ ਦੀ ਸਹਾਇਤਾ ਲਈ ਵੱਖ-ਵੱਖ ਪ੍ਰੋਜੈਕਟ ਸਫਲਤਾਪੂਰਵਕ ਚਲਾਏ ਹਨ। ਇਸੀ ਕੜੀ ਤਹਿਤ ਰੋਟਰੀ ਡਿਸਟ੍ਰਿਕਟ 3070 ਦੇ ਗਲੋਬਲ ਗਰਾਂਟ "ਵਾਸ਼ ਇਨ ਸਕੂਲਜ਼ ਪ੍ਰੋਜੈਕਟ" ਰਾਹੀਂ ਪੰਜ ਹੈਂਡ ਵਾਸ਼ ਸਟੇਸ਼ਨ ਪ੍ਰਾਪਤ ਕਰਨਾ ਕਲੱਬ ਦੀ ਸ਼ਾਨਦਾਰ ਕਾਰਗੁਜ਼ਾਰੀ ਦਾ ਪ੍ਰਤੀਕ ਹੈ, ਜਿਸ ਨਾਲ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਸਾਫ਼-ਸਫ਼ਾਈ ਦੀਆਂ ਆਦਤਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚੋਂ ਇੱਕ ਸਟੇਸ਼ਨ ਚਰਨ ਕੰਵਲ ਕਾਨਵੇਂਟ ਸਕੂਲ ਬੰਗਾ ਵਿੱਚ ਇੰਸਟਾਲ ਕੀਤਾ ਗਿਆ, ਜਿਸ ਦਾ ਉਦਘਾਟਨ ਉਘੇ ਸਮਾਜ ਸੇਵੀ ਸੁਮਨ ਕੁਮਾਰ ਡਾਬਰ (ਹੈਮਬਰਗ, ਜਰਮਨੀ) ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਲੱਬ ਦੇ ਉਪਰਾਲਿਆਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਯਤਨ ਸਮਾਜ ਵਿੱਚ ਸਿਹਤਮੰਦ ਅਤੇ ਸਚੇਤ ਪੀੜ੍ਹੀ ਦੀ ਨੀਂਹ ਰੱਖਦੇ ਹਨ। ਕਲੱਬ ਦੇ ਪ੍ਰਧਾਨ



ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਇੰਸਟਾ.ਲ ਕੀਤੇ ਗਏ ਹੈਂਡ ਵਾਸ਼ ਸਟੇਸ਼ਨ ਦਾ ਉਦਘਾਟਨ ਕਰਦੇ ਹੋਏ ਮੁੱਖ ਮਹਿਮਾਨ ਸੁਮਨ ਡਾਵਾਰ ਜਰਮਨੀ ਅਤੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ ਸਕੂਲ ਪ੍ਰਿੰਸੀਪਲ ਦਯਾ ਸਚਦੇਵਾ ਅਤੇ ਹੋਰ।

ਰੋਟ ਦਿਲਬਾਗ ਸਿੰਘ ਬਾਗੀ ਅਤੇ ਵਾਇਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਕਲੱਬ ਵੱਲੋਂ ਲਗਾਤਾਰ ਸਿਹਤ ਕੈਂਪ, ਰੁੱਖ ਲਗਾਉਣ, ਸਿੱਖਿਆ ਸਹਾਇਤਾ ਅਤੇ ਹੋਰ ਸਮਾਜਿਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜੋ ਕਿ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਪੰਜਾਂ ਹੈਂਡ ਵਾਸ਼ ਸਟੇਸ਼ਨਾਂ ਦੀ ਕੁੱਲ ਕੀਮਤ ਲਗਭਗ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਬਣਦੀ ਹੈ ਅਤੇ ਇਨ੍ਹਾਂ ਦੇ ਨਾਲ ਪੰਦਰਾਂ ਪੇਟੀਆਂ ਹੱਥ ਧੋਣ ਵਾਲੇ ਸਾਬਣ ਦੀਆਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਦਇਆ ਸਚਦੇਵਾ ਨੇ ਕਲੱਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਉਪਰਾਲਾ ਬੱਚਿਆਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗਾ। ਇਸ ਮੌਕੇ ਕਲੱਬ ਵਲੋਂ ਮੁੱਖ ਮਹਿਮਾਨ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕਲੱਬ ਦੇ ਮੈਂਬਰ ਰੋਟ ਸੁੱਖਵਿੰਦਰ ਸਿੰਘ ਧਾਮੀ, ਰੋਟ ਜੀਵਨ ਦਾਸ ਕੌਸ਼ਲ, ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਹਰਪ੍ਰੀਤ ਸੈਣੀ, ਰੋਟ ਸਰਬਜੀਤ ਸਿੰਘ ਬੇਦੀ, ਕੈਪਟਨ ਹਰਬੰਸ ਸਿੰਘ, ਜਸਕਰਨ, ਗੌਹਰ, ਵਮੱਸ਼, ਕੋਮਲ, ਵਰਿੰਦਰ, ਜੈਸਮੀਨ, ਰਾਜਨ, ਯੁਵਰਾਜ ਆਦਿ ਹਾਜਰ ਸਨ।

## ਵਰਲਡ ਅਰਥ ਡੇ ਮੌਕੇ ਲੁਧਿਆਣਾ ਵਿੱਚ ਵਾਤਾਵਰਣ ਜਾਗਰੂਕਤਾ ਮੁਹਿੰਮ—ਪੰਚ ਤੱਤਾਂ ਦੀ ਸੰਭਾਲ ਦਾ ਸੰਕਲਪ; ਬੇਲਨ ਬ੍ਰਿਗੇਡ, ਨਵਕਿਰਣ ਵੂਮੈਨ ਵੈਲਫੇਅਰ ਐਸੋਸੀਏਸ਼ਨ ਅਤੇ ਵਾਤਾਵਰਣ ਸੰਭਾਲ ਸਮਿਤੀ ਦੀ ਸਾਂਝੀ ਪਹਿਲ

**ਲੁਧਿਆਣਾ 22 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਹਰ ਸਾਲ 22 ਅਪ੍ਰੈਲ ਨੂੰ ਮਨਾਇਆ ਜਾਣ ਵਾਲਾ ਵਰਲਡ ਅਰਥ ਡੇ ਵਾਤਾਵਰਣ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਉਣ ਅਤੇ ਲੋਕਾਂ ਨੂੰ ਕੁਦਰਤੀ ਸੰਸਾਧਨਾਂ ਦੀ ਰੱਖਿਆ ਲਈ ਪ੍ਰੇਰਿਤ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਹੈ। ਇਸ ਮੌਕੇ 'ਤੇ ਲੁਧਿਆਣਾ ਦੇ ਸਬਜ਼ੀ ਮੰਡੀ ਰੋਡ ਵਿਖੇ ਜੀਵ ਜੰਤੂ ਵਾਤਾਵਰਣ ਸੰਭਾਲ ਸਮਿਤੀ, ਬੇਲਨ ਬ੍ਰਿਗੇਡ ਅਤੇ ਨਵਕਿਰਣ ਵੂਮੈਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਪੌਧਾਰੋਪਣ ਅਤੇ ਜਾਗਰੂਕਤਾ ਮੁਹਿੰਮ ਆਯੋਜਿਤ ਕੀਤੀ ਗਈ। ਇਸ ਵਿੱਚ ਸਥਾਨਕ ਕੌਂਸਲਰ ਸ਼੍ਰੀ ਵਿੱਕੀ ਡਾਵਰ ਵੀ ਸ਼ਾਮਲ ਹੋਏ। ਮੁਹਿੰਮ ਦੌਰਾਨ ਪੌਦੇ ਲਗਾਏ ਗਏ ਅਤੇ ਇਲਾਕੇ ਦੇ ਲੋਕਾਂ ਨੂੰ ਵਾਤਾਵਰਣ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ। ਕੌਂਸਲਰ ਸ਼੍ਰੀ ਵਿੱਕੀ ਡਾਵਰ ਨੇ ਅਪੀਲ ਕੀਤੀ ਕਿ ਵੱਧ ਤੋਂ ਵੱਧ ਰੁੱਖ ਲਗਾਏ ਜਾਣ ਅਤੇ ਉਨ੍ਹਾਂ ਦੀ ਸੰਭਾਲ ਕੀਤੀ ਜਾਵੇ, ਕਿਉਂਕਿ ਇਹ ਸੁਰੱਖਿਅਤ ਅਤੇ ਸਿਹਤਮੰਦ ਭਵਿੱਖ ਲਈ ਬਹੁਤ ਜ਼ਰੂਰੀ ਹੈ। ਜੀਵ ਜੰਤੂ ਵਾਤਾਵਰਣ ਸੰਭਾਲ ਸਮਿਤੀ ਦੇ



ਪ੍ਰਧਾਨ ਸ਼੍ਰੀ ਸੁਭਾਸ਼ ਸੌਂਧੀ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੇ ਜਾਗਰੂਕਤਾ ਅਭਿਆਨ ਲਗਾਤਾਰ ਕਰਦੇ ਰਹਿੰਦੇ ਹਨ। ਉਹ ਖੁਦ ਵੀ ਪੌਧਾਰੋਪਣ ਕਰਦੇ ਹਨ ਅਤੇ ਹੋਰਨਾਂ ਨੂੰ ਵੀ ਇਸ ਚੰਗੇ ਕੰਮ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ ਪ੍ਰਸਿੱਧ ਸਮਾਜ ਸੇਵਕਾ, ਬੇਲਨ ਬ੍ਰਿਗੇਡ ਦੀ ਰਾਸ਼ਟਰੀ ਪ੍ਰਧਾਨ ਅਤੇ ਨਵਕਿਰਣ ਵੂਮੈਨ ਵੈਲਫੇਅਰ ਐਸੋਸੀਏਸ਼ਨ ਦੀ ਪ੍ਰਧਾਨ ਅਨੀਤਾ ਸ਼ਰਮਾ ਨੇ ਵਾਤਾਵਰਣ ਸੰਭਾਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕੁਦਰਤ ਨੇ ਸਾਨੂੰ ਸਾਫ਼ ਹਵਾ ਅਤੇ ਪਾਣੀ ਦਿੱਤਾ ਹੈ, ਪਰ ਅੱਜ ਮਨੁੱਖ ਆਪਣੇ ਸਵਾਰਥ ਕਰਕੇ ਇਨ੍ਹਾਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਦਯੋਗਾਂ ਤੋਂ ਨਿਕਲਣ ਵਾਲਾ ਰਸਾਇਣਕ ਕਚਰਾ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਵੱਡਾ ਖਤਰਾ ਬਣ ਰਿਹਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਿਹਤਮੰਦ ਜੀਵਨ ਲਈ ਸਾਫ਼ ਹਵਾ ਅਤੇ ਪਾਣੀ ਬਹੁਤ ਜ਼ਰੂਰੀ ਹਨ ਅਤੇ ਇਸ ਲਈ ਸਾਨੂੰ ਖ਼ੁਦ ਵੀ ਜਾਗਰੂਕ ਹੋਣਾ ਪਵੇਗਾ ਅਤੇ ਸਮਾਜ ਨੂੰ ਵੀ ਜਾਗਰੂਕ ਕਰਨਾ ਪਵੇਗਾ। ਅੰਤ ਵਿੱਚ ਸਾਰੇ ਹਾਜ਼ਰ ਲੋਕਾਂ ਨੇ ਧਰਤੀ ਦੀ ਰੱਖਿਆ ਕਰਨ ਦਾ ਸੰਕਲਪ ਲਿਆ ਅਤੇ ਵਰਲਡ ਅਰਥ ਡੇ ਦੀਆਂ ਵਧਾਈਆਂ ਦਿੱਤੀਆਂ।

# ਸਿੰਘ ਸਭਾ ਲਹਿਰ ਦੇ ਮੋਢੀ ਤੇ ਪੱਤਰਕਾਰੀ ਦੇ ਪਿਤਾਮਾਂ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਸਿੰਘ ਸਭਾ ਲਹਿਰ ਦੇ ਬਾਨੀ ਪੰਜਾਬੀ ਪੱਤਰਕਾਰੀ ਦੇ ਪਿਤਾਮਾਂ ਪ੍ਰੋਫੈਸਰ ਗਿਆਨੀ ਦਿੱਤ ਸਿੰਘ ਜੀ ਦਾ 176 ਵੇਂ ਜਨਮ ਦਿਹਾੜੇ ਸਬੰਧੀ ਪਿੰਡ ਸਿੰਘਪੁਰਾ ਵਿਖੇ ਗਿਆਨੀ ਦਿੱਤ ਸਿੰਘ ਐਜੂਕੇਸ਼ਨ ਐਂਡ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਕਰਤਿੰਦਰ ਪਾਲ ਸਿੰਘ ਸਿੰਘਪੁਰਾ ਦੀ ਅਗਵਾਈ 'ਚ ਸ਼ਰਧਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਲਖਵਿੰਦਰ ਸਿੰਘ ਘਮਣੇਵਾਲ ਮੈਂਬਰ ਬਲਾਕ ਸੰਮਤੀ ਅਤੇ ਜ਼ਿਲ੍ਹਾ ਚੇਅਰਮੈਨ ਐਸ ਸੀ ਡਿਪਾਰਟਮੈਂਟ ਕਾਂਗਰਸ ਕਮੇਟੀ, ਪ੍ਰੋਫੈਸਰ ਸੰਦੀਪ ਕੌਰ, ਜਰਨੈਲ ਸਿੰਘ ਭੋਲਾ, ਆਦਿ ਬੁਲਾਰਿਆਂ ਨੇ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਗਿਆਨੀ ਦਿੱਤ ਸਿੰਘ ਜੀ 21 ਅਪ੍ਰੈਲ 1850 ਨੂੰ ਜਨਮੇ ਤੇ 6 ਸਤੰਬਰ 1901 ਨੂੰ ਸਦੀਵੀ ਅਲਵਿਦਾ ਕਹਿ ਗਏ। ਉਹ ਸਿੱਖ ਧਰਮ ਅਤੇ ਇਤਿਹਾਸ ਦੇ ਮਹਾਨ ਵਿਦਵਾਨ, ਉੱਚ-ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਤਮ ਵਿਆਖਿਆਕਾਰ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖਾਲਸਾ ਅਖ਼ਬਾਰ ਦੇ ਬਾਨੀ ਸੰਪਾਦਕ ਸਨ। ਗਿਆਨੀ ਦਿੱਤ ਸਿੰਘ ਦਾ ਜਨਮ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਪਿਤਾ ਬਾਬਾ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਹੋਇਆ। ਨਿੱਕੀ ਉਮਰੇ ਦਿਤਾ ਰਾਮ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖ਼ਸ਼ ਦੇ ਡੇਰੇ ਤੋਂ ਗਿਆਨ ਹਾਸਲ ਕੀਤਾ। ਗਿਆਨੀ ਦਿੱਤ ਸਿੰਘ ਨੇ 10



ਸਾਲ ਵੱਖ ਵੱਖ ਸਾਧੂ ਸੰਤਾਂ ਪਾਸੋਂ ਪੰਜਾਬੀ, ਉਰਦੂ, ਫ਼ਾਰਸੀ, ਅਰਬੀ, ਹਿੰਦੀ ਭਾਸ਼ਾਵਾਂ ਸਿੱਖੀਆਂ ਅਤੇ ਗੁਰਬਾਣੀ ਦਾ ਅਧਿਆਨ ਕੀਤਾ। ਉਸ ਦੀ ਕਾਬਲੀਅਤ ਨੂੰ ਵੇਖ ਕੇ 16 ਸਾਲ ਦੀ ਉਮਰ ਵਿਚ ਉ ਭਾਵੇਂ ਗਿਆਨੀ ਦਿੱਤ ਸਿੰਘ ਇੱਕ ਵੀ ਦਿਨ ਸਕੂਲ ਨਹੀਂ ਗਏ ਸਨ ਪਰ ਇਹ ਦੁਨੀਆ ਵਿੱਚ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਬਣੇ। ਗਿਆਨੀ ਦਿੱਤ ਸਿੰਘ ਨੇ ਸਮਾਜ ਵਿੱਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਰਤੋੜ ਯਤਨ ਕੀਤੇ। ਇਹਨਾਂ ਨੇ ਆਪਣੇ ਹਫ਼ਤਾਵਾਰੀ ਖ਼ਾਲਸਾ ਅਖ਼ਬਾਰ ਲਾਹੌਰ, ਲਿਖਤਾਂ ਅਤੇ ਭਾਸ਼ਣਾਂ ਰਾਹੀਂ ਵਹਿਮਾਂ-ਭਰਮਾਂ,ਫੋਕੇ ਕਰਮਕਾਂਡਾਂ, ਟੂਣੇ-ਟਾਮਣਾਂ, ਮੜੀ-ਮਸਾਣਾਂ, ਨੜੀਮਾਰਾਂ, ਕੁੜੀਮਾਰਾਂ, ਝਾੜ-ਫੂਕ, ਪਖੰਡ ਅਤੇ ਅੰਧ-ਵਿਸ਼ਵਾਸਾਂ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਭਰੋਸਾ ਰੱਖਣ ਲਈ ਪ੍ਰੇਰਿਤ ਕੀਤਾ। ਗਿਆਨੀ ਦਿੱਤ ਸਿੰਘ ਜੀ ਨੇ ਸਮਾਜ ਵਿੱਚ ਫੈਲੇ ਅਜਿਹੇ ਅਡੰਬਰਾਂ ਨੂੰ ਬੜੀ ਗੰਭੀਰਤਾ ਨਾਲ ਲਿਆ। ਇੱਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬੈਠਦੇ ਬਾਬਾ ਖੇਮ ਸਿੰਘ ਬੇਦੀ ਦੀ ਗੱਦੀ ਖਿੱਚ ਕੇ ਸੜਕ 'ਤੇ ਸੁੱਟ ਦਿੱਤੀ ਸੀ। ਇਹਨਾਂ ਨੇ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਵਿੱਚ ਸਥਾਪਿਤ ਮੂਰਤੀਆਂ ਹਟਾਉਣ ਦੀ ਪਹਿਲਕਦਮੀ ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ ਕੀਤੀ ਸੀ। ਗਿਆਨੀ ਦਿੱਤ ਸਿੰਘ ਜੀ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ 72 ਪੁਸਤਕਾਂ ਨਾਲ ਭਰ ਕੇ ਉਸ ਦੀ ਗੋਦੀ ਨੂੰ ਹਰਾ-ਭਰਾ ਕਰ ਕੇ ਆਪਣੇ ਖ਼ੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ। ਸਮਾਗਮ ਦੇ ਅੰਤ ਵਿੱਚ ਬਾਹਰੋਂ ਆਏ ਪਤਵੰਤੇ ਸੱਜਣਾਂ ਦਾ ਗਿਆਨੀ ਦਿੱਤ ਸਿੰਘ ਸੋਸਾਇਟੀ ਦੇ ਪ੍ਰਧਾਨ ਕਰਤਿੰਦਰ ਪਾਲ ਸਿੰਘ ਸਿੰਘਪੁਰਾ ਅਤੇ ਨਗਰ ਨਿਵਾਸੀਆਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ-ਸੁਸਾਇਟੀ ਪ੍ਰਧਾਨ ਕਰਤਿੰਦਰ ਪਾਲ ਸਿੰਘ ਸਿੰਘਪੁਰਾ, ਇੰਜਨੀਅਰ ਨਿਰਮਲ ਸਿੰਘ ਵਿੱਤ ਸਕੱਤਰ, ਲਖਵਿੰਦਰ ਸਿੰਘ ਘਮਣੇਵਾਲ, ਭਗਵਾਨ ਸਿੰਘ ਬਿੱਲੂ, ਨਰਿੰਦਰ ਸਿੰਘ, ਮਨਜੀਤ ਸਿੰਘ ਸਿੰਘਪੁਰਾ, ਨਾਇਬ ਸਿੰਘ, ਜਰਨੈਲ ਸਿੰਘ ਭੋਲਾ, ਬਲਵੀਰ ਸਿੰਘ ਪੁੜੈਣ, ਅਮਰੀਕ ਸਿੰਘ ਨੂਰਪੁਰ, ਕੁਲਵੰਤ ਸਿੰਘ, ਬਲਕਾਰ ਸਿੰਘ, ਸਰਬਜੀਤ ਸਿੰਘ, ਪਰਮਿੰਦਰ ਸਿੰਘ, ਵਰਿੰਦਰ ਸਿੰਘ, ਜਰਮਨ ਸਿੰਘ, ਸੁਖਜੀਵਨ ਸਿੰਘ ਇਆਲੀ ਖੁਰਦ, ਜਗਮੇਲ ਸਿੰਘ, ਦਿਲਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਅਧਿਕਾਰੀ, ਲੋਕਾਂ ਦੀ ਸਿਹਤ ਅਤੇ ਸੁਰੱਖਿਆ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਵਧ ਰਹੀ ਗਰਮੀ ਅਤੇ ਹੀਟ ਵੇਵ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਿਹਤ, ਸਿੱਖਿਆ, ਨਗਰ ਕੌਂਸਲ, ਪਾਵਰਕਾਮ ਅਤੇ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹੀਟ ਵੇਵ ਤੋਂ ਬਚਾਅ ਲਈ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਓ.ਆਰ.ਐਸ., ਜ਼ਰੂਰੀ ਦਵਾਈਆਂ ਅਤੇ ਕੂਲਰ/ਪੱਖਿਆਂ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਨੂੰ ਬੱਚਿਆਂ ਲਈ ਪੀਣ ਵਾਲੇ ਠੰਡੇ ਪਾਣੀ ਦਾ ਪ੍ਰਬੰਧ ਕਰਨ ਅਤੇ ਧੁੱਪ ਵਿੱਚ ਬਾਹਰੀ ਗਤੀਵਿਧੀਆਂ 'ਤੇ ਰੋਕ ਲਗਾਉਣ ਲਈ ਕਿਹਾ। ਨਗਰ ਕੌਂਸਲ ਨੂੰ ਭੀੜ-ਭਾੜ ਵਾਲੀਆਂ ਥਾਵਾਂ 'ਤੇ ਪਾਣੀ ਦੀਆਂ ਛਬੀਲਾਂ ਲਗਾਉਣ ਅਤੇ ਜਨਤਕ



ਥਾਵਾਂ 'ਤੇ ਛਾਂ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਧੁੱਪ ਵਿੱਚ ਬਾਹਰ ਨਿਕਲਣ ਤੋਂ ਗੁਰੇਜ਼ ਕਰਨ, ਹਲਕੇ ਸੂਤੀ ਕੱਪੜੇ ਪਹਿਨਣ, ਸਿਰ ਢੱਕ ਕੇ ਰੱਖਣ ਅਤੇ ਵੱਧ ਤੋਂ ਵੱਧ ਪਾਣੀ ਪੀਣ। ਉਨ੍ਹਾਂ ਕਿਹਾ ਕਿ ਹੀਟ ਸਟ੍ਰੋਕ ਦੇ ਲੱਛਣ ਦਿਸਣ 'ਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰੇ, ਟਮਾਟਰ ,ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ ਕਿਉਂਕਿ ਇਹਨਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ। ਉਹਨਾਂ ਕਿਹਾ ਕਿ ਅਜਿਹੇ ਮੌਸਮ ਦੌਰਾਨ ਸਾਨੂੰ ਓਆਰਐਸ, ਨਿੰਬੂ-ਪਾਣੀ, ਲੱਸੀ, ਨਾਰੀਅਲ ਦਾ ਪਾਣੀ ਅਤੇ ਹੋਰ ਤਰਲ ਪਦਾਰਥਾਂ ਦਾ ਸੇਵਨ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਰਮੀ ਦੇ ਸ਼ਿਖਰ ਦੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਪਰਹੇਜ਼ ਕਰੋ ਰਸੋਈ ਦੇ ਖੇਤਰ ਨੂੰ ਚੰਗੀ ਤਰ੍ਹਾਂ ਹਵਾਦਾਰ ਕਰਨ ਲਈ ਦਰਵਾਜੇ ਤੇ ਖਿੜਕੀਆਂ ਖੁੱਲੀਆਂ ਰੱਖੋ। ਸਿਗਰਟ, ਤੰਬਾਕੂ, ਬੀੜੀ ਅਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਚਾਹ, ਕਾਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ, ਤਲੇ ਅਤੇ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ। ਬਾਸੀ ਖਾਣਾ ਨਾ ਖਾਓ, ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਬੰਦ ਵਾਹਨਾਂ ਵਿੱਚ ਨਾ ਛੱਡੋ। ਉਨ੍ਹਾਂ ਦੱਸਿਆ ਕਿ ਜਰੂਰਤ ਪੈਣ ਤੇ ਮੁਫਤ ਐਂਬੂਲੈਂਸ ਸੇਵਾ ਲਈ ਮੁਫਤ ਟੋਲ ਫਰੀ ਨੰਬਰ 108 ਤੇ ਫੋਨ ਕੀਤਾ ਜਾਵੇ ਅਤੇ ਸਿਹਤ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ ਟੋਲ ਫਰੀ ਨੰਬਰ 104 ਤੇ ਫੋਨ ਕੀਤਾ ਜਾ ਸਕਦਾ ਹੈ।

# ਮਿਊਂਸਪਲ ਕੌਂਸਲ ਰਾਏਕੋਟ ਵੱਲੋਂ ਸੈਨਸਜ ਸਬੰਧੀ ਟ੍ਰੇਨਿੰਗ ਕਾਮਯਾਬੀ ਨਾਲ ਆਯੋਜਿਤ

**ਰਾਏਕੋਟ, 22 ਅਪ੍ਰੈਲ ਗੁਰਭਿੰਦਰ ਗੁਰੀ** ਮਿਊਂਸਪਲ ਕੌਂਸਲ (ਛ) ਰਾਏਕੋਟ ਵੱਲੋਂ ਜਨਗਣਨਾ ਸੰਬੰਧੀ ਕੰਮ ਲਈ ਓਨੁਮਏਰਓਟੋਰਸ ਅਤੇ ਸ਼ੁਪਏਰਵਿਸੋਰਸ ਦੀ ਟ੍ਰੇਨਿੰਗ ਸਫਲਤਾਪੂਰਵਕ ਕਰਵਾਈ ਗਈ। ਇਹ ਟ੍ਰੇਨਿੰਗ ਬੈਚ ਨੰਬਰ 29167 ਅਧੀਨ 20/04/2026 ਤੋਂ 22/04/2026 ਤੱਕ ਹਰ ਰੋਜ਼ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਆਯੋਜਿਤ ਕੀਤੀ ਗਈ। ਇਸ ਟ੍ਰੇਨਿੰਗ ਵਿੱਚ ਕੁੱਲ 38 ੍ਲਭਸ, ਜਿਸ ਵਿੱਚ ਰਾਏਕੋਟ ਸ਼ਹਿਰ ਦੇ 15 ਵਾਰਡ ਸ਼ਾਮਲ ਹਨ, ਨਾਲ ਸੰਬੰਧਿਤ ਕਰਮਚਾਰੀਆਂ ਨੂੰ ਫੀਲਡ ਕੰਮ ਅਤੇ ਡਾਟਾ ਇਕੱਠਾ ਕਰਨ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਦੌਰਾਨ ਜ਼ਿਲ੍ਹਾ ਫੀਲਡ ਟ੍ਰੇਨਰ ਸ਼੍ਰੀ ਗਗਨਦੀਪ ਸਿੰਘ ਵਾਲੀਆ ਅਤੇ ਸ਼੍ਰੀ ਨਵਦੀਪ ਸਿੰਘ ਵੱਲੋਂ ਟ੍ਰੇਨਿੰਗ ਦਿੱਤੀ ਗਈ, ਜਿਨ੍ਹਾਂ ਨੇ ਭਾਗ ਲੈਣ



ਵਾਲਿਆਂ ਨੂੰ ਪ੍ਰੈਕਟੀਕਲ ਅਤੇ ਸਿਧਾਂਤਕ ਜਾਣਕਾਰੀ ਪ੍ਰਦਾਨ ਕੀਤੀ। ਇਹ ਟ੍ਰੇਨਿੰਗ ਪ੍ਰੋਗਰਾਮ ਚਾਰਜ ਅਫਸਰ ਸ਼੍ਰੀ ਵਿਕਾਸ ਉੱਪਲ, ਏਗਜ਼ੈਕਟਿਵ ਅਫਸਰ, ੰਛ ਰਾਏਕੋਟ ਦੀ ਦੇਖ-ਰੇਖ ਹੇਠ ਸਫਲਤਾਪੂਰਵਕ ਕਰਵਾਇਆ ਗਿਆ। ਇਸ ਤੋਂ ਇਲਾਵਾ ਪ੍ਰਸ਼ਾਸਨਿਕ ਸਹਾਇਤਾ ਚਾਰਜ ਯੂਜ਼ਰ ਸ਼੍ਰੀ ਰਾਜੇਸ਼ ਕੁਮਾਰ, ਕਲਰਕ, ੰਛ ਰਾਏਕੋਟ ਵੱਲੋਂ ਪ੍ਰਦਾਨ ਕੀਤੀ ਗਈ। ਸਾਰੇ ਨਿਯੁਕਤ ਗਿਣਤੀ ਕਰਮਚਾਰੀਆਂ ਅਤੇ ਸੁਪਰਵਾਈਜ਼ਰਾਂ ਨੇ ਟ੍ਰੇਨਿੰਗ ਵਿੱਚ ਭਾਗ ਲਿਆ ਅਤੇ ਆਪਣੇ ਕੰਮਾਂ ਸੰਬੰਧੀ ਪੂਰੀ ਜਾਣਕਾਰੀ ਪ੍ਰਾਪਤ ਕੀਤੀ।

ਮਿਊਂਸਪਲ ਕੌਂਸਲ ਰਾਏਕੋਟ ਵੱਲੋਂ ਇਸ ਤਰ੍ਹਾਂ ਦੇ ਪ੍ਰਸ਼ਿਕਸ਼ਣ ਪ੍ਰੋਗਰਾਮਾਂ ਰਾਹੀਂ ਜਨਗਣਨਾ ਦੇ ਕੰਮ ਨੂੰ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨ ਲਈ ਪੂਰੀ ਵਚਨਬੱਧਤਾ ਦਰਸਾਈ ਗਈ ਹੈ।

# 22 ਅਪ੍ਰੈਲ ਦਾ ਦਿਨ


ਸੁਣਿਆਂ ਹੈ ਅੱਜ ਧਰਤੀ ਦਿਵਸ ਹੈ ,
ਜਿਸ ਨੂੰ ਸਾਰੇ ਮਾਂ ਕਹਿੰਦੇ ਨੇ ।
ਇਸ 'ਚੋਂ ਸਭ ਨੇ ਜਨਮ ਲਿਆ ਹੈ ,
ਸੁਘੜ ਸਿਆਣੇ ਤਾਂ ਕਹਿੰਦੇ ਨੇ।
ਭੁੱਲ ਜਾਂਦੇ ਨੇ ਇਸ ਦੀ ਬਦੌਲਤ ,
ਸਭ ਦਾ ਜੀਵਨ ਧੜਕ ਰਿਹਾ ਏ ;
ਅਮਲੀ ਰੂਪ 'ਚ ਵੈਰੀ ਬਣ ਗਏ ,
ਆਖਣ ਨੂੰ ਜਿੰਦ ਜਾਂ ਕਹਿੰਦੇ ਨੇ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**ਸੰਪਰਕ-9914836037**

# ਚਿਹਰੇ

ਜਦੋਂ ਮੈਂ ਘਰੋਂ ਬਾਹਰ ਨਿਕਲਦਾ ਹਾਂ
ਤਾਂ ਕਈ ਕਿਸਮ ਦੇ ਚਿਹਰੇ ਦੇਖਦਾ ਹਾਂ।
ਕਈ ਮੁਸਕਰਾਉਂਦੇ ਹੋਏ ਚਿਹਰੇ ਹੁੰਦੇ ਹਨ
ਕਈ ਚਿਹਰਿਆਂ ਤੇ ਨਿਰਾਸ਼ਾ ਹੁੰਦੀ ਹੈ
ਕਈ ਚਿਹਰੇ ਕਿਸੇ ਨੂੰ ਲੱਭ ਰਹੇ ਹੁੰਦੇ ਹਨ
ਕਈ ਚਿਹਰਿਆਂ ਤੇ ਬਹੁਤ ਉਦਾਸੀ ਹੁੰਦੀ ਹੈ
ਕਈ ਚਿਹਰਿਆਂ ਦਾ ਹੁਲੀਆ ਵਿਗੜਿਆ ਹੁੰਦਾ ਹੈ।
ਕਈ ਚਿਹਰਿਆਂ ਤੇ ਬਹੁਤ ਤਨਾਵ ਹੁੰਦਾ ਹੈ
ਕਈ ਚਿਹਰੇ ਨਸ਼ੇ ਵਿੱਚ ਧੁੱਤ ਹੁੰਦੇ ਹਨ
ਕਈ ਚਿਹਰਿਆਂ ਤੇ ਆਕੜ ਹੁੰਦੀ ਹੈ
ਕਈ ਚਿਹਰੇ ਲਟਕੇ ਹੋਏ ਹੁੰਦੇ ਹਨ
ਕਈ ਚਿਹਰੇ ਉਲਝੇ ਹੁੰਦੇ ਹਨ।
ਕਈ ਚਿਹਰੇ ਕੁਝ ਲੁਕਾ ਰਹੇ ਹੁੰਦੇ ਹਨ
ਕਈ ਚਿਹਰੇ ਬਾਸੀ ਸਬਜ਼ੀ ਵਰਗੇ ਹੁੰਦੇ ਹਨ
ਕਈ ਚਿਹਰੇ ਉਲਝੇ ਹੋਏ ਹੁੰਦੇ ਹਨ
ਕਈ ਚਿਹਰੇ ਮਾਸੂਮ ਅਤੇ ਭੋਲੇ ਹੁੰਦੇ ਹਨ
ਕਈ ਚਿਹਰਿਆਂ ਤੇ ਮੱਕਾਰੀ ਹੁੰਦੀ ਹੈ
ਕਈ ਚਿਹਰੇ ਤਿਲਕਧਾਰੀ ਹੁੰਦੇ ਹਨ
ਕਈ ਚਿਹਰੇ ਹੈਰਾਨੀ ਪੈਦਾ ਕਰਦੇ ਹਨ
ਕਈ ਚਿਹਰਿਆਂ ਨੂੰ ਦੇਖ ਕੇ ਮੈਂ ਅਸਲੀ ਚਿਹਰਾ ਪਛਾਣ ਹੀ ਨਹੀਂ ਸਕਦਾ



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ ਹਰਿਆਣਾ**

# ਸਮਾਤਾ ਧਰਤ ਮਹਤੁ

**22 ਅਪ੍ਰੈਲ - ਅੰਤਰਰਾਸ਼ਟਰੀ ਧਰਤੀ ਦਿਵਸ**

ਮਾਤਾ ਧਰਤ ਮਹਤੁ, ਬਾਬੇ ਆਖਿਆ ਸੀ
ਅੱਜ ਅਸੀਂ ਪੰਜਾਬੀ, ਓਸ ਨੂੰ ਭੁਲਾਇਆ ਹੈ
ਸਹੁੰ ਖਾਈਏ ਅੱਜ, ਰਲ-ਮਿਲ ਸਾਰੇ
ਧਰਤੀ ਮਾਂ ਬਿਨਾਂ, ਜੀਵਨ ਨਾ ਗੁਜ਼ਾਰੇ
ਦੁਨੀਆ ਸਾਰੀ ਅੱਜ, ਦਿਵਸ਼ ਮਨਾਉਂਦੀ ਏ
ਰੁੱਖ ਲਗਾਏ ਜਾਂਦੀ ਹੈ, ਧਰਤ ਬਚਾਉਂਦੀ ਏ
ਪਰ ਪੰਜਾਬ ਦੇ ਜਾਏ, ਖਿਆਲ ਹੀ ਭੁੱਲ ਗਏ
ਜਿਸ ਮਾਂ ਦੀ ਗੋਦੀ, ਖੇਡ ਕੇ ਅਸੀਂ ਪਲੇ
ਉਸ ਦੇ ਸੀਨੇ 'ਚ ਹੀ, ਜ਼ਹਿਰ ਅਸੀਂ ਘੋਲ ਗਏ
550 ਸਾਲ ਪਹਿਲਾਂ, ਬਾਬਾ ਨਾਨਕ ਕਹਿ ਗਿਆ
ਸਭ ਕੁਝ ਭੁੱਲ ਕੇ, ਮਹਾਨਤਾ ਖਰਾਬ ਕਰੀ ਜਾ ਰਹੇ ਹਾਂ
ਮਾਤਾ ਧਰਤ ਮਹਤੁ, ਬਾਬੇ ਆਖਿਆ ਜੀ
ਸਹੁੰ ਖਾਈਏ ਅੱਜ, ਸੀਸ ਨਿਵਾਈਏ ਜੀ
ਪਾਣੀ ਡੂੰਘਾ ਹੋਇਆ, ਹਵਾ ਜ਼ਹਿਰੀਲੀ ਏ
ਧਰਤੀ ਮਾਂ ਦੀ ਕੁੱਖ, ਨਪੀੜ ਕੇ ਰੱਖ ਲਈ ਏ
ਯੂਰੀਏ ਨਾਲ ਸੜੀ, ਕੀਟਨਾਸ਼ਕਾਂ ਨਾਲ ਜਲੀ
ਕੈਂਸਰ ਦੀ ਗੱਡੀ, ਪਿੰਡੋ-ਪਿੰਡ ਚਲੀ
ਮਾਂ ਜੇ ਮਰ ਗਈ, ਪੁੱਤਰ ਕਿੱਥੇ ਪਲੂ?
ਸਹੁੰ ਖਾਈਏ ਅੱਜ, ਰਲ-ਮਿਲ ਸਾਰੇ
ਧਰਤੀ ਮਾਂ ਬਿਨਾਂ, ਜੀਵਨ ਨਾ ਗੁਜ਼ਾਰੇ
ਰੁੱਖ ਜੇ ਕੱਟੇ ਤੂੰ, ਸਾਹ ਕਿੱਥੋਂ ਲਏਂਗਾ
ਪਾਣੀ ਜੇ ਮੁੱਕ ਗਿਆ, ਖੇਤ ਕਿੱਥੇ ਸਿੰਜੇਂਗਾ
ਪਲੀਤ ਜੇ ਕਰ ਦਿੱਤੀ, ਮਾਂ ਦੀ ਇਹ ਚੁੰਨੀ
ਫਿਰ ਪੰਜਾਬ ਦੇ ਸਿਰ 'ਤੇ, ਰਹੂ ਕਿਹੜੀ ਧੁੰਨੀ?
ਸੰਭਲ ਜਾ ਪੰਜਾਬੀਆ, ਹੋਸ਼ ਹੁਣ ਕਰ ਲੈ
ਮਾਂ ਨੂੰ ਬਚਾਉਣ ਦੀ, ਸਹੁੰ ਹੁਣ ਤੂੰ ਧਰ ਲੈ
ਮਾਤਾ ਧਰਤ ਮਹਤੁ, ਬਾਬੇ ਆਖਿਆ ਸੀ
ਸਹੁੰ ਖਾਈਏ ਅੱਜ, ਰਲ-ਮਿਲ ਸਾਰੇ
ਧਰਤੀ ਮਾਂ ਬਿਨਾਂ, ਜੀਵਨ ਨਾ ਗੁਜ਼ਾਰੇ
ਆਓ ਪ੍ਰਣ ਕਰੀਏ, ਹੱਥ ਖੜੇ ਕਰੀਏ
ਪਾਣੀ ਨੂੰ ਬਚਾਈਏ, ਰੁੱਖ ਅਸੀਂ ਧਰੀਏ
ਜ਼ਹਿਰਾਂ ਨੂੰ ਤਿਆਗੀਏ, ਕੁਦਰਤ ਨੂੰ ਧਿਆਈਏ
ਮਾਤਾ ਧਰਤ ਮਹਤੁ, ਫਿਰ ਤੋਂ ਗਾਈਏ
ਸਹੁੰ ਖਾਈਏ,,,,, ਸਹੁੰ ਖਾਈਏ,,,,,
ਧਰਤੀ ਮਾਂ ਬਚਾਈਏ,,,,, ਪੰਜਾਬ ਬਚਾਈਏ,,,,,




**ਰਮੇਸ਼ਵਰ ਸਿੰਘ ਪਟਿਆਲਾ**

# ਜ਼ਿੰਦਗੀ

ਐਨੀ ਮੁਸ਼ਕਲ ਹੈ ਕਿਉਂ ਅੱਜ ਕਲ ਜ਼ਿੰਦਗੀ?
ਪਹਿਲਾਂ ਤਾਂ ਨਹੀਂ ਸੀ ਕਰਦੀ ਛਲ ਜ਼ਿੰਦਗੀ।
ਮੇਰੇ ਅੱਗੇ ਹੋ - ਹੋ ਕੇ ਹੁਣ ਹੈ ਭੱਜੇ ਜ਼ਿੰਦਗੀ,
ਕਹਿਣਾ ਕਿ ਮੇਰੇ ਨਾਲ-ਨਾਲ ਚੱਲ ਜ਼ਿੰਦਗੀ।
ਜੀਵਿਆ ਤੇਰੇ ਲਈ,ਮਰਿਆ ਵੀ ਤੇਰੇ ਲਈ,
ਪਰ ਤੂੰ ਨਾ ਸੁਣੇ ਮੇਰੀ ਕੋਈ ਗੱਲ ਜ਼ਿੰਦਗੀ।
ਤੂੰ ਨਦੀ ਵਾਂਗ ਆਪਣੀ ਰੌਂ 'ਚ ਵਗਦੀ ਰਹੇਂ,
ਮੈ ਲੱਭਾਂ ਅਜੇ ਤੱਕ ਬਦਲ ਦਾ ਹੱਲ ਜ਼ਿੰਦਗੀ?
ਮੈਂ ਅੱਜ ਵੀ ਕਰਦੈਂ ਉਨ੍ਹਾਂ ਹੀ ਪਿਆਰ ਤੈਨੂੰ,
ਮੇਰੇ ਨਾਲ ਨਾ ਇਸ ਤਰ੍ਹਾਂ ਬਦਲ ਜ਼ਿੰਦਗੀ।
ਆ ! ਦਿਸਹੱਦੇ 'ਚ ਆਪਾਂ ਮੰਜ਼ਲ ਭਾਲੀਏ,
ਘਰ ਬੈਠੇ ਨਾ ਮਿਲੂ ਕੋਈ ਫਲ ਜ਼ਿੰਦਗੀ।
ਆਪਣੇ ਬਾਰੇ ਵੀ ਕਦੇ ਤਾਂ ਸੋਚ 'ਸੁਰਜੀਤ',
ਦੇ ਦੇਵੇ ਕੁੱਝ ਜੇ ਤੈਨੂੰ ਸੁਹਣੇ ਪਲ ਜ਼ਿੰਦਗੀ।
ਐਨੀ ਮੁਸ਼ਕਲ ਹੈ ਕਿਉਂ ਅੱਜ ਕਲ ਜ਼ਿੰਦਗੀ?
ਪਹਿਲਾਂ ਤਾਂ ਨਹੀਂ ਸੀ ਕਰਦੀ ਛਲ ਜ਼ਿੰਦਗੀ।



**ਸਰਜੀਤ ਸਿੰਘ ਭੁੱਲਰ**



# ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਬਜਵਾੜਾ 'ਚ ਨਵੇਂ ਕਲਾਸਰੂਮਾਂ ਦਾ ਕੀਤਾ ਉਦਘਾਟਨ

## ਪੰਜਾਬ ਸਰਕਾਰ ਸਿੱਖਿਆ ਦੇ ਖੇਤਰ 'ਚ ਇਤਿਹਾਸਕ ਬਦਲਾਅ ਲਿਆ ਰਹੀ ਹੈ - ਜਿੰਪਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਅੱਜ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਬਜਵਾੜਾ ਵਿੱਚ 7.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਨਵੇਂ ਕਲਾਸਰੂਮਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਅਤੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਵਿਧਾਇਕ ਜਿੰਪਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣਾ ਪੰਜਾਬ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਇਸੇ ਮਕਸਦ ਨਾਲ ਸਕੂਲਾਂ ਵਿੱਚ ਨਵੇਂ ਕਮਰੇ, ਆਧੁਨਿਕ ਸਹੂਲਤਾਂ, ਸਾਫ-ਸੁਥਰਾ ਵਾਤਾਵਰਣ ਅਤੇ ਗੁਣਵੱਤਾਪੂਰਨ ਸਿੱਖਿਆ ਯਕੀਨੀ ਬਣਾਈ ਜਾ ਰਹੀ ਹੈ, ਤਾਂ ਜੋ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਦੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਿਲ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਇਹ ਸੁਧਾਰ ਆਉਣ ਵਾਲੇ ਸਮੇਂ ਵਿੱਚ ਰਾਜ ਦੇ ਬੱਚਿਆਂ ਦੇ ਚਮਕਦਾਰ ਭਵਿੱਖ ਦੀ ਨੀਂਹ ਸਾਬਤ ਹੋਣਗੇ।ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰੀ ਸਕੂਲਾਂ ਵਿੱਚ ਸਹੂਲਤਾਂ ਦੀ ਘਾਟ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ ਭੇਜਣ ਲਈ ਮਜਬੂਰ ਹੁੰਦੇ ਸਨ, ਪਰ ਹੁਣ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਨੂੰ ਆਧੁਨਿਕ ਅਤੇ ਸਹੂਲਤਯੁਕਤ ਬਣਾ ਰਹੀ ਹੈ, ਜਿਸ ਨਾਲ ਲੋਕਾਂ ਦਾ ਭਰੋਸਾ ਸਰਕਾਰੀ ਸਿੱਖਿਆ ਪ੍ਰਣਾਲੀ 'ਤੇ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਨਿਵੇਸ਼ ਕਰਨਾ ਭਵਿੱਖ ਵਿੱਚ ਨਿਵੇਸ਼ ਕਰਨ ਦੇ ਬਰਾਬਰ ਹੈ ਅਤੇ ਰਾਜ ਸਰਕਾਰ ਇਸ ਦਿਸ਼ਾ ਵਿੱਚ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਇਸ ਮੌਕੇ ਸਕੂਲ ਸਟਾਫ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਨਵੇਂ ਕਲਾਸਰੂਮ ਬਣਨ ਨਾਲ ਵਿਦਿਆਰਥੀਆਂ ਨੂੰ ਬਿਹਤਰ ਵਾਤਾਵਰਣ ਵਿੱਚ ਪੜ੍ਹਾਈ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਵੀ ਸਰਾਹਨਾ ਕੀਤੀ।




# ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ ਜੰਗਬਾਜ਼ ਅਮਰੀਕਾ ਅਤੇ ਭਾਰਤੀ ਹਾਕਮਾਂ ਖ਼ਿਲਾਫ ਲੋਕ-ਲਹਿਰ ਉਸਾਰਨ ਦਾ ਦਿੱਤਾ ਪੈਗ਼ਾਮ







**ਜਲੰਧਰ (ਸਤਨਾਮ ਸਿੰਘ ਸਹੂੰਗੜਾ)**
ਸਾਡੇ ਮੁਲਕ ਦੀ ਆਜ਼ਾਦੀ ਲਈ ਆਸਟਰੀਆ (ਅਮਰੀਕਾ) ਦੀ ਧਰਤੀ 'ਤੇ ਗ਼ਠਤ ਹੋਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੀਫ਼ਿਕ ਕੋਸਟ' ਨਾਂਅ ਦੀ ਇਨਕਲਾਬੀ ਜੱਥੇਬੰਦੀ ਜੋ ਬਾਅਦ 'ਚ 'ਗ਼ਦਰ' ਅਖ਼ਬਾਰ ਦੀ ਮਕਬੂਲੀਅਤ ਉਪਰੰਤ 'ਗ਼ਦਰ ਪਾਰਟੀ' ਵਜੋਂ ਆਜ਼ਾਦੀ ਦੀ ਤਵਾਰੀਖ਼ 'ਚ ਸੂਰਜ ਬਣ ਚਮਕੀ ਉਸਦੇ ਜਨਮ ਦਿਹਾੜੇ (21 ਅਪ੍ਰੈਲ 1913) ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਸਥਾਪਨਾ ਦਿਵਸ ਸਮਾਗਮ ਕੀਤਾ ਗਿਆ। ਇਸ ਸਮਾਗਮ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਮੁੱਖ ਦੁਆਰ ਉੱਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ (ਡਾ.) ਵੱਲੋਂ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਹੋਇਆ। 'ਸਾਮਰਾਜਵਾਦ ਮੁਰਦਾਬ-ਾਦ!' 'ਇਨਕਲਾਬ-ਜ਼ਿੰਦਾਬਾਦ' ਦੇ ਨਾਅਰਿਆਂ ਅਤੇ ਤਾੜੀਆਂ ਦੀ ਗੂੰਜ ਵਿੱਚ ਇਹ ਅਹਿਦ ਕੀਤਾ ਗਿਆ ਕਿ, ਗ਼ਦਰ ਪਾਰਟੀ ਦਾ ਪੈਗ਼ਾਮ, ਲੋਕ ਸੰਗਰਾਮ ਜਾਰੀ ਰੱਖਕੇ ਪੂਰਾ ਕਰਨ ਲਈ ਯੋਗਦਾਨ ਪਾਇਆ ਜਾਏਗਾ। ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਇਸ ਮੌਕੇ ਹੋਈ ਗੰਭੀਰ ਵਿਚਾਰ-ਚਰਚਾ ਦੇ ਸ਼ੁਰੂਆਤੀ ਸ਼ਬਦ ਸਾਂਝੇ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸੰਸਾਰ ਅਤੇ ਮੁਲਕ ਦੇ ਮੰਚ ਉੱਤੇ ਭਖ਼ਦੇ ਸੁਆਲਾਂ ਨੂੰ ਸੰਬੋਧਤ ਹੋਣਾ ਅੱਜ ਦੇ ਸਮਾਗਮ ਦੀ ਮਹੱਤਤਾ ਹੈ। ਇਸ ਮੌਕੇ ਆਪਣੇ ਸੰਬੋਧਨ 'ਚ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਗ਼ਦਰ ਪਾਰਟੀ ਦੇ ਗਠਨ, ਇਤਿਹਾਸਕ ਸਫ਼ਰ, ਵਿਚਾਰਧਾਰਾ, ਉਦੇਸ਼ਾਂ, ਘਾਲਣਾ, ਕੁਰਬਾਨੀਆਂ ਅਤੇ ਜੀਵਨ ਸਮਰਪਤ ਕਰਨ ਦੀ ਲਟ ਲਟ ਬਲ਼ਦੀ ਭਾਵਨਾ ਦੀ ਖ਼ੂਬਸੂਰਤ ਅੰਦਾਜ਼ ਵਿੱਚ ਤਸਵੀਰ ਪੇਸ਼ ਕੀਤੀ। ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਮਹੱਤਵਪੂਰਣ ਨੁਕਤਾ ਛੋਂਹਦੇ ਹੋਏ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਨੇ ਵਤਨ ਵਾਸੀਆਂ ਨੂੰ ਚੌਕੰਨੇ ਕੀਤਾ ਸੀ ਕਿ ਸਾਡੇ ਸੁਪਨਿਆਂ ਦੀ ਆਜ਼ਾਦੀ ਲਈ ਸਾਮਰਾਜਵਾਦ, ਲੁੱਟ-ਖੋਹ, ਜੰਗਾਂ, ਫ਼ਿਰਕਾਪ੍ਰਸਤੀ, ਜਾਤ-ਪਾਤ, ਵਿਤਕਰੇ ਬਾਜ਼ੀ ਅਤੇ ਜ਼ਬਰ ਸਿਤਮ ਤੋਂ ਮੁਕਤ, ਸੈਕੂਲਰ, ਜਮਹੂਰੀ ਅਤੇ ਸਾਂਝੀਵਾਲਤਾ ਦੇ ਰੰਗ 'ਚ ਰੰਗਿਆ ਸਮਾਜ ਸਿਰਜਣ ਲਈ ਜੱਦੋ ਜਹਿਦ ਜਾਰੀ ਰੱਖਣੀ ਹੋਏਗੀ। ਅੱਜ ਦੇ ਸਮਾਗਮ ਦੇ ਮੁੱਖ ਵਕਤਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ ਨੇ 'ਅਮਰੀਕਾ-ਇਜ਼ਰਾਇਲ ਦੇ ਇਰਾਨ ਉਪਰ ਹਮਲਾ ਅਤੇ ਭਾਰਤੀ ਹਾਕਮ' ਵਿਸ਼ੇ ਉਪਰ ਬੋਲਦੇ ਹੋਏ ਕਿਹਾ ਕਿ ਕੁੱਲ ਸੰਸਾਰ ਦੇ ਕੁਦਰਤੀ ਮਾਲ ਖ਼ਜ਼ਾਨੇ ਲੁੱਟਣ ਲਈ ਅਮਰੀਕੀ ਸਾਮਰਾਜ ਵੱਲੋਂ ਵੱਖ-ਵੱਖ ਮੁਲਕ ਉਪਰ ਹਮਲੇ ਕਰਨਾ, ਰਾਜ ਪਲਟੇ ਕਰਾਉਣਾ, ਲੋਕਾਂ ਨੂੰ ਲੋਕਾਂ ਨਾਲ ਲੜਾਉਣਾ ਅਤੇ ਨਫ਼ਰਤ ਭਰੀ ਜ਼ਹਿਰੀਲੀ ਫ਼ਸਲ ਦੀ ਖੇਤੀ ਕਰਨਾ ਚੜ੍ਹਦੇ ਸੂਰਜ ਦਾ ਕੰਮ ਹੈ। ਉਹਨਾਂ ਕਿਹਾ ਕਿ ਦੁਨੀਆਂ ਦੀ ਤਾਜ਼ਾ ਹਵਾ ਇਹ ਵੀ ਗਵਾਹੀ ਭਰਦੀ ਹੈ ਕਿ ਲੋਕ, ਜੰਗਬਾਜ਼ਾਂ ਦੇ ਖ਼ਿਲਾਫ਼ ਹਨ। ਉਹਨਾਂ ਨੇ ਭਾਰਤੀ ਹਾਕਮਾਂ ਦੀ ਤਾਜ਼ਾ ਨੀਤੀ ਨੂੰ ਕਰਾਰੇ ਹੱਥੀਂ ਲੈਂਦੇ ਹੋਏ ਕਿਹਾ ਕਿ ਚਾਹੇ ਇਰਾਨ ਦੇ ਨੇਵੀ ਫੌਜੀ ਸਾਡੇ ਪਾਣੀਆਂ ਵਿੱਚ ਮਹਿਮਾਨ ਬਣਕੇ ਆਏ। ਅਮਰੀਕੀ ਹਾਕਮਾਂ ਨੇ ਨਿਹੱਥੇ ਮਾਰ ਮੁਕਾਏ ਤਾਂ ਭਾਰਤੀ ਹਾਕਮ ਗੂੰਗੇ ਹੋ ਕੇ ਰਹਿ ਗਏ। ਇਸ ਤੋਂ ਵੱਡੀ ਸਾਮਰਾਜ ਭਗਤੀ ਹੋਰ ਕੀ ਹੋ ਸਕਦੀ ਹੈ। ਉਹਨਾਂ ਕਿਹਾ ਕਿ ਫ਼ਿਰਕੂ ਫਾਸ਼ੀ ਰਾਜ ਭਾਗ ਦੀ ਸਿਰਜਣਾ ਨੂੰ ਪ੍ਰਨਾਈ ਅਤੇ ਜੰਗਬਾਜ਼ਾਂ ਦੀ ਮੱਦਦਗਾਰ ਭਾਰਤੀ ਹਕੂਮਤ ਖ਼ਿਲਾਫ਼ ਜ਼ਬਰਦਸਤ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨਾ ਸਮੇਂ ਦੀ ਤਿੱਖੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਮੇਟੀ ਤਰਫ਼ੋਂ ਮਤੇ ਪੇਸ਼ ਕਰਦਿਆਂ ਕਿਹਾ ਕਿ ਅਮਰੀਕਾ ਇਜ਼ਰਾਇਲ ਜੰਗਬਾਜ਼, ਇਰਾਨ ਅਤੇ ਹੋਰ ਮੁਲਕਾਂ 'ਤੇ ਹਮਲੇ ਤੁਰੰਤ ਬੰਦ ਕਰਨ, ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਬੰਦ ਕੀਤਾ ਜਾਏ ਅਤੇ ਫ਼ਲਸਤੀਨ 'ਚੋਂ ਇਜ਼ਰਾਈਲ ਬਾਹਰ ਜਾਏ, ਨੋਇਡਾ ਅਤੇ ਹੋਰਨਾਂ ਥਾਵਾਂ ਉਪਰ ਸਨਅਤੀ ਕਾਮਿਆਂ 'ਤੇ ਹੱਲੇ ਬੰਦ ਕੀਤੇ ਜਾਣ, ਅਮਰੀਕੀ ਜੰਗਬਾਜ਼ਾਂ ਦੀ ਭਗਤੀ ਕਰਨੀ ਭਾਰਤੀ ਹਾਕਮ ਬੰਦ ਕਰਨ, ਬੁੱਧੀਜੀਵੀਆਂ, ਜਮਹੂਰੀ ਕਾਮਿਆਂ ਦੀਆਂ ਗ੍ਰਿਫ਼ਤਾਰੀਆਂ ਅਤੇ ਜ਼ੁਲਮ ਕਰਨਾ ਬੰਦ ਕੀਤਾ ਜਾਏ, ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਵਿਗਾੜਨਾ ਅਤੇ ਇਤਿਹਾਸਕ ਵਸਤਾਂ ਹਟਾਉਣਾ ਬੰਦ ਕੀਤਾ ਜਾਏ ਅਤੇ ਕਨੇਡਾ ਹਕੂਮਤ ਵੱਲੋਂ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣਾ ਬੰਦ ਕੀਤਾ ਜਾਏ। ਇਹਨਾਂ ਮਤਿਆਂ ਨੂੰ ਹਾਜ਼ਰੀਨ ਨੇ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ। ਸਮਾਗਮ ਦੇ ਸਿਖ਼ਰ 'ਤੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਸਾਮਰਾਜੀਆਂ ਉਹਨਾਂ ਦੀ ਸੇਵਾ 'ਚ ਭੁਗਤ ਰਹੇ ਅਤੇ ਦੇਸੀ-ਬਦੇਸ਼ੀ ਕਾਰ-ਪੋਰੇਟ ਘਰਾਣਿਆਂ ਨੂੰ ਥਾਪੜਾ ਦੇ ਰਹੇ ਭਾਰਤੀ ਹਾਕਮਾਂ ਦਾ ਭਵਿੱਖ਼ 'ਚ ਪੰਜਾਬ ਉਪਰ ਹੋਰ ਵੀ ਮਾਰੂ ਹੱਲਾ ਹੋਏਗਾ। ਇਸ ਲਈ ਜਾਗਦੀ ਲੋਕ ਤਾਕਤ ਖੜ੍ਹੀ ਕਰਨਾ ਬੇਹੱਦ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਸਮਾਗਮ 'ਚ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਵਰਿਆਮ ਸਿੰਘ ਸੰਧੂ, ਅਜਮੇਰ ਸਿੰਘ, ਪ੍ਰੋ. ਤੇਜਿੰਦਰ ਵਿਰਲੀ, ਚਰੰਜੀ ਲਾਲ ਕੰਗਣੀਵਾਲ, ਹਰਮੇਸ਼ ਮਾਲੜੀ, ਰਣਜੀਤ ਸਿੰਘ ਔਲਖ, ਡਾ. ਸੈਲੇਸ਼, ਪ੍ਰਗਟ ਸਿੰਘ ਜਾਮਾਰਾਏ ਆਦਿ ਤੋਂ ਇਲਾਵਾ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਦੇ ਉੱਦਮ ਸਦਕਾ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੇ ਵਿਦਿਆਰਥੀ ਵੱਡੀ ਗਿਣਤੀ 'ਚ ਸ਼ਾਮਲ ਹੋਏ। ਦੇਸ਼ ਭਗਤ ਕਮੇਟੀ ਨੇ ਸਕੂਲ ਦੇ ਪ੍ਰਿੰਸੀਪਲ ਚੰਦਰ ਸੇਖ਼ਰ ਵਰਮਾ ਅਤੇ ਉਹਨਾਂ ਦੇ ਅਧਿਆਪਕ ਟੀਮ ਦਾ ਧੰਨਵਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# 10 ਮਈ ਨੂੰ ਬੀ.ਸੀ.ਵਿੰਗ ਵੱਲੋਂ ਵੱਡੇ ਪੱਧਰ ਤੇ ਮਨਾਇਆ ਜਾਵੇਗਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਦਿਹਾੜਾ-ਗਾਬੜੀਆ

## ਸੁਖਬੀਰ ਬਾਦਲ ਕਰਨਗੇ ਸਮਾਗਮ ਦੀ ਪ੍ਰਧਾਨਗੀ

**ਲੁਧਿਆਣਾ 22 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)–** ਸ਼੍ਰੋਮਣੀ ਅਕਾਲੀ ਦਲ ਬੀ.ਸੀ.ਵਿੰਗ ਦੇ ਕੌਮੀ ਪ੍ਰਧਾਨ ਜੱਥੇਦਾਰ ਹੀਰਾ ਸਿੰਘ ਗਾਬੜੀਆ ਦੀ ਪ੍ਰਧਾਨਗੀ ਹੇਠ ਜਨਤਾ ਨਗਰ, ਗਿੱਲ ਰੋਡ ਵਿਖੇ ਪੂਰੇ ਪੰਜਾਬ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਸਮੂਹ ਅਹੁਦੇਦਾਰਾਂ ਦੀ ਵਿਸ਼ੇਸ਼ ਮੀਟਿੰਗ 10 ਮਈ ਨੂੰ ਮਨਾਏ ਜਾਣ ਵਾਲੇ ਸਮਾਗਮ ਸੰਬੰਧੀ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਜੱਥੇਦਾਰ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ 18ਵੀਂ ਸਦੀ ਦੇ ਮਹਾਨ ਯੋਧੇ, ਰਾਮਗੜ੍ਹੀਆ ਮਿਸਲ ਦੇ ਬਾਨੀ, ਲਾਲ ਕਿਲ੍ਹੇ ਦੇ ਜੇਤੂ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 303ਵੇਂ ਜਨਮ-ਦਿਨ ਨੂੰ ਦੁਪਹਿਰ 2 ਵਜੇ ਦਾਣਾ ਮੰਡੀ, ਗਿੱਲ ਰੋਡ, ਨੇੜੇ ਅਰੋੜਾ ਪੈਲੇਸ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੁੱਖ ਮਹਿਮਾਨ ਵਜੋਂ ਸਿਰਕਤ ਕਰਨਗੇ। ਜੱਥੇਦਾਰ ਗਾਬੜੀਆ ਨੇ ਕਿਹਾ ਕਿ ਮੀਟਿੰਗ ਵਿੱਚ ਪੰਜਾਬ ਭਰ ਦੇ ਅਹੁਦੇਦਾਰਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਸਮੂਹ ਅਹੁਦੇਦ ਾਰਾਂ ਨੂੰ ਆ ਰਹੀਆਂ ਨਗਰ ਕੌਂਸਲ ਚੋਣਾਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ ਵੋਟਰ ਲਿਸਟਾਂ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ।



ਮੀਟਿੰਗ ਦੌਰਾਨ ਗੱਲਬਾਤ ਕਰਦੇ ਹੋਏ ਗੁਰਮੀਤ ਸਿੰਘ ਕੁਲਾਰ, ਜੱਥੇਦਾਰ ਹੀਰਾ ਸਿੰਘ ਗਾਬੜੀਆ, ਭੁਪਿੰਦਰ ਪਾਲ ਸਿੰਘ ਜਾਗੜਾ, ਜਸਦੀਪ ਸਿੰਘ ਕਾਉਂਕੇ, ਗੁਰਚਰਨ ਸਿੰਘ ਗੁਰੂ ਤੇ ਹੋਰ।

ਜੱਥੇਦਾਰ ਗਾਬੜੀਆ ਨੇ 10 ਮਈ ਦਿਨ ਐਤਵਾਰ ਨੂੰ ਵੱਡੀ ਪੱਧਰ ਤੇ ਮਨਾਏ ਜਾ ਰਹੇ ਸਮਾਗਮ ਸੰਬੰਧੀ ਸਾਰਿਆਂ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ । ਸਾਰਿਆਂ ਨੂੰ ਆਪਣੇ-ਆਪਣੇ ਸਾਥੀਆਂ ਸਮੇਤ ਪਹੁੰਚਣ ਲਈ ਕਿਹਾ ਕਿ ਇਸ ਸਮਾਗਮ ਵਿੱਚ ਸਾਰਿਆਂ ਦਾ ਸਮੇਂ ਸਿਰ ਪਹੁੰਚਣਾ ਜਰੂਰੀ ਹੋਵੇਗਾ। ਮੀਟਿੰਗ ਵਿੱਚ ਹਾਜ਼ਰ ਬੀ.ਸੀ. ਵਿੰਗ ਦੇ ਸਮੂਹ ਅਹੁਦੇਦਾਰਾਂ ਦਾ ਗੁਰਮੀਤ ਸਿੰਘ ਕੁਲਾਰ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮੇਂ ਵਿਸ਼ੇਸ਼ ਤੌਰ ਤੇ ਗੁਰਦੀਪ ਸਿੰਘ ਸ਼ੇਖੂਪੂਰਾ, ਗੁਰਚਰਨ ਸਿੰਘ ਗੁਰੂ ਮੀਡੀਆ ਇੰਚਾਰਜ, ਭੁਪਿੰਦਰ ਪਾਲ ਸਿੰਘ ਜਾਗੜਾ, ਦਵਿੰਦਰ ਸਿੰਘ ਕਲਸੀ, ਗੁਰਦੀਪ ਸਿੰਘ ਲੀਲ, ਜਸਦੀਪ ਸਿੰਘ ਕਾਉਂਕੇ, ਚਰਨਜੀਤ ਸਿੰਘ ਚੰਨੀ, ਹਰਦਿਆਲ ਸਿੰਘ ਭੱਟੀ ਪਟਿਆਲਾ, ਹਰੀਸ ਕੁਮਾਰ ਪਠਾਣਕੋਟ, ਨਰਿੰਦਰ ਸਿੰਘ ਸੇਖਵਾਂ, ਇੰਦਰਜੀਤ ਸਿੰਘ ਪੰਡੋਰੀ ਅੰਮ੍ਰਿਤਸਰ, ਚਮਕੌਰ ਸਿੰਘ ਉੱਭੀ, ਸੁਰਿੰਦਰ ਸਿੰਘ ਸੈਣੀ ਪਠਾਨਕੋਟ, ਸਿਰਾਜ ਮੁਹੰਮਦ, ਮਨਜਿੰਦਰ ਸਿੰਘ ਤਰਨਤਾਰਨ, ਸੁਰਜੀਤ ਸਿੰਘ ਕੈਰੇ ਹੁਸ਼ਿਆਰਪੁਰ, ਮਲਕੀਤ ਸਿੰਘ ਸਸਰਾਲੀ , ਰਛਪਾਲ ਸਿੰਘ ਫੌਜੀ, ਸਵਰਨ ਸਿੰਘ ਮਹੌਲੀ, ਨਰਿੰਦਰਪਾਲ ਸਿੰਘ ਮੋਗਾ, ਜਸਪਿੰਦਰ ਸਿੰਘ ਫਤਹਿਗੜ੍ਹ ਸਾਹਿਬ, ਪਰਮਿੰਦਰ ਸਿੰਘ ਜੰਡੂ ਫਗਵਾੜਾ, ਅਜੈਬ ਸਿੰਘ ਹਰਬੰਸਪੁਰ, ਜਸਬੀਰ ਸਿੰਘ ਮੰਗਲੀ ਅਤੇ ਅਵਤਾਰ ਸਿੰਘ ਸੁਲਤਾਨਪੁਰ ਲੋਧੀ ਹਾਜ਼ਰ ਸਨ।.

# ਗੁਰਦੁਆਰਾ ਕਲਗੀਧਰ ਸਾਹਿਬ ਬੁਰਜ ਨਕਲੀਆਂ ਨੂੰ ਪਾਲਕੀ ਸਾਹਿਬ ਦੀ ਸੇਵਾ ਕਰਾਈ

**ਰਾਏਕੋਟ, 22 ਅਪ੍ਰੈਲ ਗੁਰਭਿੰਦਰ ਗੁਰੀ** ਪ੍ਰਵਾਸੀ ਪੰਜਾਬੀ ਉੱਘੇ ਸਮਾਜ ਸੇਵੀ ਕੁਲਦੀਪ ਸਿੰਘ ਬੁੱਟਰ ਹਾਂਗਕਾਂਗ ਵੱਲੋਂ ਆਪਣੇ ਸਵ:ਪਿਤਾ ਮਹਿਮਾਂ ਸਿੰਘ ਬੁੱਟਰ ਅਤੇ ਮਾਤਾ ਸਵ:ਜਸਵੀਰ ਕੌਰ ਦੀ ਨਿੱਘੀ ਯਾਦ ਵਿੱਚ ਗੁਰਦੁਆਰਾ ਕਲਗੀਧਰ ਸਾਹਿਬ ਬੁਰਜ ਨਕਲੀਆਂ ਨੂੰ ਪਾਲਕੀ ਸਾਹਿਬ ਦੀ ਸੇਵਾ ਕਰਾਈ ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਗੁਰਚਰਨ ਸਿੰਘ ਦੀ ਅਗਵਾਈ ਹੇਠ ਕਰਵਾਏ ਸਾਦੇ ਤੇ ਸੰਖੇਪ ਸਮਾਗਮ ਦੌਰਾਨ ਐਨਆਰਆਈ ਕੁਲਦੀਪ ਸਿੰਘ ਬੁੱਟਰ ਹਾਂਗਕਾਂਗ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਗ੍ਰਾਮ ਪੰਚਾਇਤ ਵੱਲੋ ਗੁਰਦੁਆਰਾ ਸਾਹਿਬ ਲਈ ਪਾਲਕੀ ਸਾਹਿਬ ਦੀ ਸੇਵਾ ਕਰਨ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਡਾਕਟਰ ਗੁਰਚਰਨ ਸਿੰਘ ਨੇ ਕਿਹਾ ਕਿ ਐਨਆਰਆਈਜ਼ ਵੱਲੋਂ ਸਮੇਂ ਸਮੇਂ ਸਿਰ ਪਿੰਡ ਦੇ ਸਮਾਜ ਭਲਾਈ ਦੇ ਕੰਮ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਹੈ। ਜਿਸ ਤਹਿਤ ਐਨਆਰਆਈ ਕੁਲਦੀਪ ਸਿੰਘ ਬੁੱਟਰ ਹਾਂਗਕਾਂਗ ਵੱਲੋਂ



ਆਪਣੇ ਸਵ:ਪਿਤਾ ਮਹਿਮਾਂ ਸਿੰਘ ਅਤੇ ਮਾਤਾ ਜਸਵੀਰ ਕੌਰ ਦੀ ਯਾਦ ਵਿੱਚ ਗੁਰਦੁਆਰਾ ਕਲਗੀਧਰ ਸਾਹਿਬ ਲਈ 10 ਲੱਖ ਦੀ ਰੁਪਏ ਲਾਗਤ ਨਾਲ ਬਣੀ ਪਾਲਕੀ ਸਾਹਿਬ ਦੀ ਸੇਵਾ ਕਰਵਾਈ ਗਈ ਹੈ ਉਹ ਬਹੁਤ ਹੀ ਮਹਾਨ ਤੇ ਸਲਾਘਾਯੋਗ ਕਾਰਜ ਹੈ।ਉਹਨਾਂ ਕਿਹਾ ਕਿ ਕੁਲਦੀਪ ਸਿੰਘ ਬੁੱਟਰ ਭਾਵੇ ਆਪਣਾ ਕਾਰੋਬਾਰ ਵਿਦੇਸ਼ ਵਿਚ ਕਰ ਰਹੇ ਹਨ। ਪਰ ਬੁੱਟਰ ਪਰਿਵਾਰ ਹਮੇਸ਼ਾ ਲੋੜਵੰਦਾ ਦੀ ਸੇਵਾ ਤੇ ਨਗਰ ਦੀ ਭਲਾਈ ਲਈ ਮੋਹਰੀ ਰੋਲ ਅਦਾ ਕਰ ਰਿਹਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਲਦੀਪ ਸਿੰਘ ਬੁੱਟਰ ਦਾ ਸਿਰਪਾਓ ਦੇ ਕੇ ਵਿਸ਼ੇਸ ਸਨਮਾਨ ਕੀਤਾ ਗਿਆ। ਇਸ ਮੌਕੇ ਗ੍ਰੰਥੀ ਬੂਟਾ ਸਿੰਘ, ਮੀਤ ਪ੍ਰਧਾਨ ਜਸਵਿੰਦਰ ਸਿੰਘ, ਸੈਕਟਰੀ ਪਰਮਜੀਤ ਸਿੰਘ, ਖਜ਼ਨਚੀ ਜਗਤਾਰ ਸਿੰਘ ਗਰੇਵਾਲ, ਭੁਪਿੰਦਰ ਸਿੰਘ,ਨੰਬਰਦਾਰ ਦਲਜੀਤ ਸਿੰਘ, ਸਾਬਕਾ ਸਰਪੰਚ ਚਰਨ ਸਿੰਘ,ਗੁਰਜੰਟ ਸਿੰਘ, ਨੰਬਰਦਾਰ ਸੋਹਣ ਸਿੰਘ, ਪਾਲ ਸਿੰਘ, ਜਗਤਾਰ ਸਿੰਘ, ਕੁਲਦੀਪ ਸਿੰਘ,ਇੰਦਰਪਾਲ ਸਿੰਘ, ਸੋਹਣ ਸਿੰਘ, ਕੁਲਦੀਪ ਸਿੰਘ, ਗੁਰਚਰਨ ਸਿੰਘ,ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਅਧਿਆਪਕ ਤੇ ਲੱਗੇ ਗੋਦ ਲਏ ਬੱਚੇ ਨਾਲ ਜ਼ਿਆਦਤੀ ਕਰਨ ਅਤੇ ਜਾਨੋ ਮਾਰਨ ਦੇ ਗੰਭੀਰ ਦੇ ਦੋਸ਼

**ਲੈਸਟਰ (ਇੰਗਲੈਂਡ), 22 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–**
ਬਰਤਾਨੀਆ ਵਿੱਚ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 13 ਮਹੀਨੇ ਦੇ ਛੋਟੇ ਬੱਚੇ ਦੀ ਮੌਤ ਦੇ ਮਾਮਲੇ ’ਚ ਉਸ ਨੂੰ ਗੋਦ ਲੈ ਰਹੇ ਅਧਿਆਪਕ ’ਤੇ ਹੱਤਿਆ ਅਤੇ ਜ਼ਿਆਦਤੀ ਦੇ ਗੰਭੀਰ ਦੋਸ਼ ਲੱਗੇ ਹਨ। ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਜੇਮੀ ਵਾਰਲੇ ਨਾਂ ਦਾ 37 ਸਾਲਾ ਅਧਿਆਪਕ ਆਪਣੇ ਸਾਥੀ ਨਾਲ ਮਿਲ ਕੇ ਬੱਚੇ ਪ੍ਰੈਸਟਨ ਡੇਵੀ ਨੂੰ ਗੋਦ ਲਿਆ ਸੀ। ਦੋਸ਼ ਹੈ ਕਿ ਉਸ ਨੇ ਬੱਚੇ ਨਾਲ ਲਗਾਤਾਰ ਕੁੱਟ ਮਾਰ ਅਤੇ ਬੁਰਾ ਵਤੀਰਾ ਕੀਤਾ। ਇਥੋਂ ਤੱਕ ਕਿ ਉਸ ਨੇ ਬੱਚੇ ਦੀਆਂ ਗਲਤ ਤਸਵੀਰਾਂ ਅਤੇ ਵੀਡੀਓ ਵੀ ਬਣਾਈਆਂ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਵਾਰਲੇ ਨੇ ਇਕ ਸਾਥੀ ਨੂੰ ਪਹਿਲਾਂ ਹੀ ਕਿਹਾ ਸੀ ਕਿ ਉਸ ਨੂੰ ਬੱਚੇ ਬਾਰੇ ਡਰਾਉਣੇ ਖਿਆਲ ਆਉਂਦੇ ਹਨ, ਜਿਵੇਂ ਉਸ ਨੂੰ ਡੁੱਬੋਣ ਜਾਂ ਸਾਹ ਰੋਕਣ ਦੇ। ਹਾਲਾਂਕਿ ਉਸ ਨੇ ਕਿਹਾ ਸੀ ਕਿ ਉਹ ਇਹ ਨਹੀਂ ਕਰੇਗਾ।
ਮਾਮਲੇ ’ਚ ਦੱਸਿਆ ਗਿਆ ਕਿ ਬੱਚੇ ਦੀ ਮੌਤ ਸਾਹ ਰੁਕਣ ਕਾਰਨ ਹੋਈ, ਜੋ ਹੱਥ ਜਾਂ ਕਿਸੇ ਕਪੜੇ ਨਾਲ ਮੂੰਹ ਬੰਦ ਕਰਨ ਜਾਂ ਕਿਸੇ ਚੀਜ਼ ਨੂੰ ਮੂੰਹ ਵਿੱਚ ਪਾਉਣ ਨਾਲ ਹੋ ਸਕਦੀ ਹੈ। ਬੱਚੇ ਦੇ ਸਰੀਰ ’ਤੇ ਕਰੀਬ 40 ਸੱਟਾ ਦੇ ਨਿਸ਼ਾਨ ਮਿਲੇ, ਜਿਨ੍ਹਾਂ ’ਚ ਕਈ ਬਾਹਰੀ ਜਖ਼ਮ, ਹੱਡੀ ਟੁੱਟਣਾ ਅਤੇ ਅੰਦਰੂਨੀ ਚੋਟਾਂ ਵੀ ਸ਼ਾਮਲ ਹਨ।
ਇਹ ਵੀ ਸਾਹਮਣੇ ਆਇਆ ਕਿ ਬੱਚੇ ਨੂੰ ਮੌਤ ਤੋਂ ਪਹਿਲਾਂ ਤਿੰਨ ਵਾਰ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਉਸ ਨੂੰ ਸਾਹ ਲੈਣ ਵਿੱਚ ਦਿੱਕਤ, ਦੌਰੇ ਅਤੇ ਨੱਕ ਵਿੱਚੋਂ ਖ਼ੂਨ ਆਉਣ ਵਰਗੀਆਂ ਸਮੱਸਿਆਵਾਂ ਸਨ।
ਇਸ ਮਾਮਲੇ ਵਿੱਚ ਵਾਰਲੇ ਦਾ ਸਾਥੀ ਜੌਨ ਮੈਕਗੋਵਨ-ਫ਼ਾਜ਼ਾਕਰਲੇ ਵੀ ਕਟਘਰੇ ਵਿੱਚ ਹੈ। ਉਸ ’ਤੇ ਦੋਸ਼ ਹੈ ਕਿ ਉਸ ਨੂੰ ਬੱਚੇ ਨਾਲ ਹੋ ਰਹੀ ਜ਼ਿਆਦਤੀ ਬਾਰੇ ਪਤਾ ਸੀ, ਪਰ ਉਸ ਨੇ ਕੋਈ ਕਦਮ ਨਹੀਂ ਚੁੱਕਿਆ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਵਾਰਲੇ ਨੇ ਬੱਚੇ ਨਾਲ ਹੋ ਰਹੀ ਜ਼ਿਆਦਤੀ ਦੀਆਂ ਵੀਡੀਓ ਆਪਣੇ ਫ਼ੋਨ ’ਚ ਰਿਕਾਰਡ ਕਰਕੇ ਆਪਣੇ ਸਾਥੀ ਨਾਲ ਸਾਂਝੀਆਂ ਕੀਤੀਆਂ।
ਪ੍ਰੋਸਿਕਿਊਸ਼ਨ ਦਾ ਕਹਿਣਾ ਹੈ ਕਿ ਇਹ ਕੋਈ ਹਾਦਸਾ ਨਹੀਂ ਸੀ, ਸਗੋਂ ਸੋਚ ਸਮਝ ਕੇ ਕੀਤਾ ਗਿਆ ਜੁਰਮ ਸੀ। ਦੋਵੇਂ ਮੁਲਜ਼ਮਾਂ ਨੇ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਨੂੰ ਨਕਾਰਿਆ ਹੈ। ਮਾਮਲੇ ਦੀ ਸੁਣਵਾਈ ਜਾਰੀ ਹੈ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

... (FREE CONSULTATION) ...


MANJEET SINGH KHANBA
Award Winner 1999, 2001 & 2005
(2 Awards) BSYA

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਣਾਅ, ਥਕਾਵਟ, ਉਦਾਸੀ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... (1 ਮਹੀਨੇ ਦੀ ਕੀਮਤ)

- ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
- ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
- ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
- ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) --£49
- ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES): ... -£59
- ਨੁਸਖਾ ਨੰਬਰ 9 (IN CAPSULES): ... £59
- ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59
- ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS): ... £89
- ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsils), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

- PILAES (IN OINTMENT) - ... £19
- NURALACO (IN OINTMENT OR LOTION) --- ... ਆਰਾਮ ---- £19
- CHILLAGA (IN OINTMENT OR LOTION) --- ... ਆਰਾਮ £19
- ARNSTRA (IN OINTMENT) ----- ... (SPRAINS) ... (BED SORES) ... £19
- BELINFLA (IN OIL OR OINTMENT) --- ... £19
- BELULCE (IN OIL) ---- ... ULCERS ... ਆਰਾਮ ---------- £19
- BRYJOIN (IN OIL) - ... £19
- CALWOUN (IN OIL OR OINTMENT) -- ... £19
- BURCAN (IN LOTION OR OINTMENT) - ... £19
- ROUTUM (IN OINTMENT) - ... £19
- JOINRHU (IN OIL) - ... £19
- ABSSIL (IN LOTION) - ... £19
- ITCSUL (IN OIL) ---- ... £19
- WARTHU (IN OIL) - ... (WARTS) ... £19

* HOMOEOPATHIC HEALTH CLINIC ... £10 ...

... ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# "ਸਾਡੀ ਧਰਤੀ - ਸਾਡੀ ਜ਼ਿੰਮੇਵਾਰੀ" ਮੁਹਿੰਮ ਤਹਿਤ ਕਾਰਵਾਇਆ ਜਾਗਰੂਕਤਾ ਪ੍ਰੋਗਰਾਮ

## ਵਿਸ਼ਵ ਧਰਤੀ ਦਿਵਸ ਮੌਕੇ ਐਸ ਕੇ ਟੀ ਪਲਾਂਟੇਸ਼ਨ ਟੀਮ ਨੇ "ਅਵਰ ਪਾਵਰ ਅਵਰ ਪਲੈਨੇਟ" ਥੀਮ ਤਹਿਤ ਕੀਤਾ ਲੋਕਾਂ ਨੂੰ ਜਾਗਰੂਕ

**ਨਵਾਂਸ਼ਹਿਰ 22 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਵਿਸ਼ਵ ਧਰਤੀ ਦਿਵਸ ਦੇ ਮੌਕੇ 'ਤੇ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਰਾਹੋਂ ਰੋਡ ਖੇਤਰ ਵਿੱਚ "ਸਾਡੀ ਧਰਤੀ - ਸਾਡੀ ਜ਼ਿੰਮੇਵਾਰੀ" ਮੁਹਿੰਮ ਅਧੀਨ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਸਾਲ ਦੀ ਥੀਮ "ਸਾਡੀ ਸ਼ਕਤੀ, ਸਾਡਾ ਗ੍ਰਹਿ" ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਟੀਮ ਨੇ ਵਾਤਾਵਰਣ ਸੰਭਾਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਟੀਮ ਦੇ ਸੰਸਥਾਪਕ ਅਤੇ ਸੰਚਾਲਕ ਅੰਕੁਸ਼ ਨਿਭਾਵਨ ਦੀ ਅਗਵਾਈ ਹੇਠ ਮੈਂਬਰਾਂ ਨੇ ਰਾਹੋਂ ਰੋਡ 'ਤੇ ਦੁਕਾਨਦਾਰਾਂ, ਰਾਹਗੀਰਾਂ ਅਤੇ ਸਥਾਨਕ ਨਿਵਾਸੀਆਂ ਨਾਲ ਸੰਵਾਦ ਕੀਤਾ। ਪੋਸਟਰਾਂ ਅਤੇ ਸੰਦੇਸ਼ਾਂ ਰਾਹੀਂ ਲੋਕਾਂ ਨੂੰ ਪਲਾਸਟਿਕ ਦੇ ਵੱਧਦੇ ਇਸਤੇਮਾਲ ਨਾਲ ਹੋਣ ਵਾਲੇ ਨੁਕ-ਸਾਨ ਬਾਰੇ ਜਾਗਰੂਕ ਕੀਤਾ ਗਿਆ ਅਤੇ ਇਸ ਦੀ ਥਾਂ ਵਾਤਾਵਰਣ-ਮਿਤਰ ਵਿਕਲਪ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ



ਲਗਾਉਣ, ਪਾਣੀ ਦੀ ਬਚਤ ਕਰਨ ਅਤੇ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ ਲਈ ਵੀ ਉਤਸ਼ਾਹਿਤ ਕੀਤਾ ਗਿਆ। ਟੀਮ ਨੇ ਇਹ ਵੀ ਦੱਸਿਆ ਕਿ ਛੋਟੇ-ਛੋਟੇ ਯਤਨ ਮਿਲ ਕੇ ਵੱਡਾ ਬਦਲਾਅ ਲਿਆ ਸਕਦੇ ਹਨ ਅਤੇ ਹਰ ਵਿਅਕਤੀ ਦੀ ਭੂਮਿਕਾ ਇਸ ਵਿੱਚ ਮਹੱਤਵਪੂਰਨ ਹੈ। ਇਸ ਮੌਕੇ ਕੁਲਵਿੰਦਰ ਸਿੰਘ ਸਮੇਤ ਹੋਰ ਮੈਂਬਰ—ਓਂਕਾਰ ਗੰਗਰ, ਸ਼ਿਵਮ ਉੱਪਲ, ਖੁਸ਼ਪ੍ਰੀਤ, ਜਸ਼ਨਦੀਪ ਅਤੇ ਅਮਨਪ੍ਰੀਤ—ਵੀ ਹਾਜ਼ਰ ਰਹੇ ਅਤੇ ਉਨ੍ਹਾਂ ਨੇ ਜਾਗਰੂਕਤਾ ਫੈਲਾਉਣ ਵਿੱਚ ਸਰਗਰਮ ਭੂਮਿਕਾ ਨਿਭਾਈ। ਪ੍ਰੋਗਰਾਮ ਦੌਰਾਨ ਲੋਕਾਂ ਵੱਲੋਂ ਸਕਾਰਾਤਮਕ ਪ੍ਰਤੀਕਿਰਿਆ ਮਿਲੀ ਅਤੇ ਉਨ੍ਹਾਂ ਨੇ ਵਾਤਾਵਰਣ ਦੀ ਰੱਖਿਆ ਲਈ ਆਪਣੇ ਪੱਧਰ 'ਤੇ ਯਤਨ ਕਰਨ ਦਾ ਸੰਕਲਪ ਲਿਆ। ਇਸ ਮੌਕੇ ਅੰਕੁਸ਼ ਨਿਭਾਵਨ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਵਾਤਾਵਰਣ ਸੰਭਾਲ ਬਹੁਤ ਜ਼ਰੂਰੀ ਹੈ। ਜੇ ਅਸੀਂ ਹੁਣ ਨਹੀਂ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਉਨ੍ਹਾਂ ਨੇ ਸਭ ਨੂੰ ਅਪੀਲ ਕੀਤੀ ਕਿ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਛੋਟੇ-ਛੋਟੇ ਬਦਲਾਅ ਕਰਕੇ ਧਰਤੀ ਦੀ ਰੱਖਿਆ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਭਵਿੱਖ ਵਿੱਚ ਵੀ ਲਗਾਤਾਰ ਕਰਵਾਏ ਜਾਂਦੇ ਰਹਿਣ-ਗੇ, ਤਾਂ ਜੋ ਸਮਾਜ ਦੇ ਹਰ ਵਰਗ ਤੱਕ ਵਾਤਾਵਰਣ ਬਚਾਅ ਦਾ ਸੰਦੇਸ਼ ਪਹੁੰਚ ਸਕੇ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਹਾਈ ਸਕੂਲ ਭੀਣ ਵਿਖੇ ਪੌਦੇ ਲਗਾ ਕੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ

**ਨਵਾਂ ਸ਼ਹਿਰ :22 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਮਿਸ. ਪ੍ਰਿਆ ਸੂਦ ਜੀਆਂ ਦੇ ਦਿਸ਼ਾਤਤ ਨਿਰਦੇਸ਼ਾ ਤਹਿਤ ਸੀ.ਜੇ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਜੀਆਂ ਦੀ ਅਗਵਾਈ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵਲੋਂ ਗੌਰਮਿੰਟ ਹਾਈ ਸਕੂਲ, ਭੀਨ.ਸ.ਭ.ਸ ਨਗਰ ਵਿਖੇ ਵਿਸ਼ਵ ਧਰਤ ਦਿਵਸ ਮਨਾਇਆ ਗਿਆ ।ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸਹੀਦ ਭਗਤ ਸਿੰਘ ਨਗਰ ਦੇ ਮਿਸ ਜਸਨਦੀਪ, ਪੈਨਲ ਲਾਇਰ ਅਤੇ ਪੈਰਾ ਲੀਗਲ ਵਲੰਟੀਅਰਜ਼ ਸ੍ਰੀ ਦੇਸ ਰਾਜ ਬਾਲੀ, ਸ੍ਰੀ ਕਸ਼ਮੀਰ ਸਿੰਘ ਅਤੇ ਸ੍ਰੀ ਵਾਸੁਦੇਵ ਪ੍ਰਦੇਸੀ ਵੱਲੋ ਗੋਰਮਿੰਟ ਹਾਈ ਸਕੂਲ, ਭੀਨ ਵਿਖੇ ਪੌਦੇ ਲਗਾਏ



ਗਏ । ਇਸ ਮੌਕੇ ਤੇ ਪੈਰਾ ਲੀਗਲ ਵਲੰਟੀਅਰਜ਼ ਵੱਲੋ ਵਿਦਿਆਰਥੀਆਂ ਨੂੰ ਵਿਸ਼ਵ ਧਰਤੀ ਦਿਵਸ ਦੀਆ ਵਧਾਈਆ ਦਿੰਦੇ ਹੋਏ ਉਹਨਾਂ ਨੂੰ ਦੱਸਿਆ ਕਿ ਇਹ ਦਿਨ ਹਰ ਸਾਲ 22 ਅਪ੍ਰੈਲ ਨੂੰ ਪੂਰੇ ਸੰਸਾਰ ਵਿੱਚ ਮਨਾਇਆ ਜਾਦਾ ਹੈ ਇਸ ਦਿਨ ਦੀ ਸਥਾਪਨਾ ਵਾਤਾਵਰਣ ਅਤੇ ਇਸ ਦੀ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਲਈ ਕੀਤੀ ਗਈ ਹੈ। ਇਸ ਵਿਸ਼ਵ ਧਰਤ ਦਿਵਸ ਮਨਾਉਣ ਦਾ ਮੁੱਖ ਉਦੇਸ਼ ਧਰਤੀ ਦੀ ਸਾਂਭ-ਸੰਭਾਲ ਕਰਨਾ, ਧਰਤੀ ਨੂੰ ਪ੍ਰਦੂਸ਼ਣ ਅਤੇ ਹੋਰ ਹਾਨੀਕਾਰਕ ਤੱਤਾ ਤੋਂ ਬਚਾਉਣਾ ਅਤੇ ਧਰਤੀ ਦੀ ਸੁਰੱਖਿਆ ਪ੍ਰਤੀ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਜਾਗਰੂਕਤ ਕਰਨਾ ਹੈ । ਉਹਨਾਂ ਕਿਹਾ ਸਾਨੂੰ ਸਭ ਨੂੰ ਆਪਣੀ ਜਿੰਮੇਵਾਰੀ ਸਮਝਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਮੁਫਤ ਕਾਨੂੰਨੀ ਸਹਾਇਤਾ ਦੀ ਜਰੂਰਤ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਦੇ ਦਫਤਰ ਦੇ ਨੰਬਰ 01823-223511 ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਨੰਬਰ 15100 ਤੇ ਕਾਲ ਕਰਕੇ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਲੈ ਸਕਦਾ ਹੈ। ਇਸ ਤੋਂ ਇਲਾਵਾ ਮਿਤੀ 09.05.2026 ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਵਿਦਿਆਰਥੀਆ ਨੂੰ ਜਾਗਰੂਕਤ ਕੀਤਾ ਗਿਆ।

# ਵਿਧਾਇਕ ਡਾ ਜਮੀਲ ਉਰ ਰਹਿਮਾਨ ਨੂੰ ਜਾਨੋ ਮਾਰਨ ਦੀ ਧਮਕੀ ਦੇਕੇ 20 ਲੱਖ ਦੀ ਫਿਰੌਤੀ ਮੰਗਣ ਵਾਲੇ ਪੁਲਿਸ ਵੱਲੋਂ ਕਾਬੂ

**ਮਾਲੇਰਕੋਟਲਾ-22 ਅਪ੍ਰੈਲ (ਕੁਲਵੰਤ ਸਿੰਘ ਮੁਹਾਲੀ)** ਐਸ ਐਸ ਪੀ ਮਾਲੇਰਕੋਟਲਾ ਸ ਗਗਨ ਅਜੀਤ ਸਿੰਘ ਵੱਲੋਂ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਗਿਆ ਕਿ ਐਸ ਪੀ (ਆਈ) ਸ੍ਰੀ ਸੱਤਪਾਲ ਸਰਮਾ, ਸ੍ਰੀ ਦੀਪਇੰਦਰ ਸਿੰਘ ਜੇਜੀ ਡੀ.ਐਸ.ਪੀ ਮਾਲੇਰਕੋਟਲਾ ਅਤੇ ਸ੍ਰੀ ਮਾਨਵਜੀਤ ਸਿੰਘ ਸਿੱਧੂ ਡੀ ਐਸ ਪੀ ਮਾਲੇਰਕੋਟਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇੰ ਹਰਜਿੰਦਰ ਸਿੰਘ ਇੰਚਾਰਜ ਸੀ.ਆਈ.ਏ ਮਾਹੋਰਾਣਾ, ਇੰ. ਮਨਜੋਤ ਸਿੰਘ ਮੁੱਖ ਅਫਸਰ ਥਾਣਾ ਸਾਇਬਰ ਕਰਾਇਮ ਮਾਲੇਰਕੋਟਲਾ ਅਤੇ ਸਬ ਇੰ.ਦਰਸ਼ਨ ਸਿੰਘ ਮੁੱਖ ਅਫਸਰ ਥਾਣਾ ਸਿਟੀ-2 ਮਾਲੇਰਕੋਟਲਾ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਮੁਕੱਦਮਾ ਨੰਬਰ 64 ਮਿਤੀ 26.03.2026 ਅ/ਧ 308(4), 351(4), 62 ਭੰਸ਼ ਥਾਣਾ ਸਿਟੀ-2 ਮਾਲੇਰਕੋਟਲਾ ਵਿੱਚ ਨਾਮਲੂਮ ਦੋਸੀਆਨ ਨੂੰ ਟੈਕਨੀਕਲ ਤਰੀਕੇ ਨਾਲ ਨਾਲ ਟਰੇਸ ਕਰਕੇ ਆਰੋਪੀ ਮੁਹੰਮਦ ਸੁਭਹਾਨ ਉਰਫ ਮਾਨ ਪੁੱਤਰ ਮੁਹੰਮਦ ਸਰੀਫ ਵਾਸੀ ਮੁਹੱਲਾ ਸਾਦੇਵਾਲ ਮਾਲੇਰਕੋਟਲਾ ਨੂੰ ਮਿਤੀ 18.04.2026 ਨੂੰ ਮੁਕੱਦਮਾ ਉਕਤ ਵਿੱਚ ਨਾਮਜਦ ਕਰਕੇ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਅਤੇ ਆਰੋਪੀ ਮੁਹੰਮਦ ਸਬੁਹਾਨ ਉਕਤ ਪਾਸੋਂ ਇੱਕ ਮੋਬਾਇਲ ਮਾਰਕਾ ਰੀਅਲ ਮੀ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਆਰੋਪੀ ਮੁਹੰਮਦ ਸੁਭਹਾਨ ਉਕਤ







ਕੋਲੋਂ ਕੀਤੀ ਪੁੱਛਗਿੱਛ ਦੌਰਾਨ ਉਸਨੇ ਦੱਸਿਆ ਗਿਆ ਕਿ ਉਸ ਵੱਲੋਂ ਜਗਦੀਪ ਸਿੰਘ ਉਰਫ ਸੈਂਟੀ ਪੁੱਤਰ ਜਸਵੰਤ ਸਿੰਘ ਵਾਸੀ ਮਕਾਨ ਨੰ 14 ਬਲਾਕ-ਬੀ ਅਫਸਰ ਕਲੋਨੀ ਸੰਗਰੂਰ ਨੂੰ ਡਾ.ਜਮੀਲ ਉਰ ਰਹਿਮਾਨ ਐੱਮ.ਐੱਲ.ਏ ਮਾਲੇਰਕੋਟਲਾ ਦਾ ਮੋਬਾਇਲ ਨੰਬਰ ਮੁਹੱਈਆ ਕਰਵਾਇਆ ਗਿਆ ਸੀ, ਜਿਸ ਤੋਂ ਬਾਅਦ ਜਗਦੀਪ ਸਿੰਘ ਉਰਫ ਸੈਂਟੀ ਉਕਤ ਵੱਲੋਂ ਮਿਤੀ 25.03.2026 ਆਪਣੇ ਵਿਦੇਸੀ ਵੱਟਸ ਐੱਪ ਨੰਬਰ +66955038622 ਤੋਂ ਡਾ.ਜਮੀਲ ਉਰ ਰਹਿਮਾਨ ਐੱਮ.ਐੱਲ.ਏ ਮਾਲੇਰਕੋਟਲਾ ਦੇ ਮੋਬਾਈਲ ਨੰਬਰ ਜੋ ਪੀ.ਏ ਗੁਰਮੱਖ ਸਿੰਘ ਵੱਲੋਂ ਵਰਤਿਆ ਜਾਂਦਾ ਹੈ ਉਸ ਮੋਬਾਇਲ ਨੰਬਰ ਪਰ ਕਾਲ ਕਰਕੇ ਜਾਨੋਮਾਰਨ ਦੀ ਧਮਕੀ ਦੇਕੇ 20 ਲੱਖ ਰੁਪੈ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਜਿਸ ਉਪਰੰਤ ਆਰੋਪੀ ਮੁਹੰਮਦ ਸੁਬਹਾਨ ਉਕਤ ਦੀ ਪੁੱਛਗਿੱਛ ਪਰ ਜਸਵੰਤ ਸਿੰਘ ਉਕਤ ਨੂੰ ਮਿਤੀ 20.04.2026 ਨੂੰ ਮੁਕੱਦਮਾ ਹਜਾ ਵਿੱਚ ਆਰੋਪੀ ਨਾਮਜਦ ਕਰਕੇ ਮਿਤੀ 21.04.26 ਨੂੰ ਹਸਬ ਜਾਬਤਾ ਗ੍ਰਿਫਤਾਰ ਕਰਕੇ ਅਰੋਪੀਆਂ ਪਾਸੋਂ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿੰਨਾਂ ਦੀ ਪੁੱਛਗਿੱਛ ਤੋਂ ਹੋਰ ਕਈ ਅਹਿਮ ਵਾਰਦਾਤਾਂ ਟਰੇਸ ਹੋਣ ਦੀ ਸੰਭਾਵਨਾ ਹੈ।

# ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੌਦੇ ਲਗਾਉਣ ਦੀ ਮੁਹਿੰਮ ਦੀ ਤਿਆਰੀ ਲਈ ਵਿਸ਼ੇਸ਼ ਮੀਟਿੰਗ

## ਜ਼ਿਲ੍ਹੇ ਵਿੱਚ ਰੁੱਖ ਲਗਾਉਣ ਲਈ ਵੱਖ- ਵੱਖ ਵਿਭਾਗਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਨਿਰਦੇਸ਼

**ਮਾਲੇਰਕੋਟਲਾ, 22 ਅਪ੍ਰੈਲ(ਕੁਲਵੰਤ ਸਿੰਘ ਮੁਹਾਲੀ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਵਿਆਪਕ ਰੁੱਖ ਲਗਾਉਣ ਦੀ ਮੁਹਿੰਮ ਚਲਾਉਣ ਲਈ ਤਿਆਰੀਆਂ ਨੂੰ ਅੰਤਿਮ ਰੂਪ ਦੇਣ ਵਾਸਤੇ ਡਿਪਟੀ ਕਮਿਸ਼ਨਰ ਸ਼੍ਰੀ ਵਿਰਾਜ ਐਸ. ਤਿੜਕੇ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਮੁਹਿੰਮ ਸਿਰਫ਼ ਇੱਕ ਸਮਾਗਮ ਨਹੀਂ, ਸਗੋਂ ਵਾਤਾਵਰਣ ਸੰਰੱਖਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਸ ਅਭਿਆਨ ਰਾਹੀਂ ਜ਼ਿਲ੍ਹੇ ਵਿੱਚ ਵੱਡੇ ਪੱਧਰ ‘ਤੇ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ, ਪ੍ਰਦੂਸ਼ਣ ਘਟਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ੁੱਧ ਹਵਾ ਯਕੀਨੀ ਬਣਾਉਣ ਦਾ ਟੀਚਾ



ਰੱਖਿਆ ਗਿਆ ਹੈ।

ਉਨ੍ਹਾਂ ਸਾਰੇ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਆਪਸੀ ਤਾਲਮੇਲ ਨਾਲ ਜ਼ਿਲ੍ਹਾ ਪੱਧਰੀ ਵਿਸਥਾਰਪੂਰਵਕ ਕਾਰਜ ਯੋਜਨਾ ਤਿਆਰ ਕੀਤੀ ਜਾਵੇ। ਨਾਲ ਹੀ ਹਰ ਵਿਭਾਗ ਆਪਣੇ-ਆਪਣੇ ਟਾਰਗੇਟ ਨਿਰਧਾਰਤ ਕਰਕੇ ਨਿਰਧਾਰਿਤ ਸਮੇਂ ਅੰਦਰ ਪੌਧਾਰੋਪਣ ਮੁਹਿੰਮ ਨੂੰ ਸਫਲ ਬਣਾਏ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਦੀ ਪਛਾਣ ਤੁਰੰਤ ਕੀਤੀ ਜਾਵੇ ਅਤੇ ਜੰਗਲਾਤ ਵਿਭਾਗ ਵੱਲੋਂ ਗੁਣਵੱਤਾ ਵਾਲੇ ਪੌਦੇ ਸਮੇਂ ਸਿਰ ਉਪਲਬਧ ਕਰਵਾਏ ਜਾਣ।ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਇਸ ਮੁਹਿੰਮ ਨੂੰ ਲੋਕ ਭਾਗੀਦਾਰੀ ਨਾਲ ਜੋੜਿਆ ਜਾਵੇ, ਤਾਂ ਜੋ ਵਧ ਤੋਂ ਵੱਧ ਲੋਕ ਇਸ ਵਿੱਚ ਸ਼ਾਮਲ ਹੋਣ ਅਤੇ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਵਧੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਿਰਫ਼ ਪੌਦੇ ਲਗਾਉਣਾ ਹੀ ਨਹੀਂ, ਸਗੋਂ ਉਨ੍ਹਾਂ ਦੀ ਸੰਭਾਲ ਅਤੇ ਸੁਰੱਖਿਆ ਵੀ ਯਕੀਨੀ ਬਣਾਈ ਜਾਵੇ, ਤਾਂ ਜੋ ਇਹ ਮੁਹਿੰਮ ਲੰਬੇ ਸਮੇਂ ਤੱਕ ਪ੍ਰਭਾਵਸ਼ਾਲੀ ਰਹੇ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਡੀ.ਡੀ.ਪੀ.ਓ. ਰੂਪ ਸਿੰਘ, ਬੀ.ਡੀ.ਪੀ.ਓ. ਜਸਮਿੰਦਰ ਸਿੰਘ, ਐਸ.ਡੀ.ਓ. (ਪੀ.ਡਬਲਿਊ.ਡੀ.) ਇੰਜੀ. ਯੁਦਵੀਰ ਸਿੰਘ, ਡਰਾਫਟਸਮੈਨ ਲਵਿਸ਼ ਬਾਤਿਸ਼, ਸੁਪਰਡੈਂਟ ਨਗਰ ਕੌਂਸਲ ਅਹਿਮਦਗੜ੍ਹ ਇਫਤਖਾਰ ਅਹਿਮਦ, ਐਸ.ਡੀ.ਈ. ਇੰਜੀ. ਲਵਿਸ਼ ਜੈਨ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਈਰਾਨ ਖ਼ਿਲਾਫ਼ ਜੰਗ ਮਨੁੱਖਤਾ ਲਈ ਵੱਡਾ ਖਤਰਾ – ਸੰਜੈ ਰਾਠੀ

**ਚੰਡੀਗੜ੍ਹ, 22ਅਪ੍ਰੈਲ !ਗੁਰਭਿੰਦਰ ਗੁਰੀ।** ਈਰਾਨ ਖ਼ਿਲਾਫ਼ ਚੱਲ ਰਹੀ ਜੰਗ ਨੂੰ ਬਹੁਤ ਹੀ ਦੁਖਦਾਈ, ਚਿੰਤਾਜਨਕ ਅਤੇ ਮਨੁੱਖਤਾ ਲਈ ਗੰਭੀਰ ਖਤਰਾ ਕਰਾਰ ਦਿੰਦਿਆਂ ਮੀਡੀਆ ਕੌਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੈ ਰਾਠੀ ਨੇ ਇਸਦੀ ਕੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀ, ਸਗੋਂ ਇਹ ਨਿਰਦੋਸ਼ ਲੋਕਾਂ ਦੀ ਜ਼ਿੰਦਗੀ ਨੂੰ ਤਬਾਹ ਕਰਦੀ ਹੈ ਅਤੇ ਵਿਸ਼ਵ ਸ਼ਾਂਤੀ ਨੂੰ ਖਤਰੇ ਵਿੱਚ ਪਾ ਦਿੰਦੀ ਹੈ।

ਸੰਜੈ ਰਾਠੀ ਨੇ ਕਿਹਾ ਕਿ ਜਦੋਂ ਦੁਨੀਆ ਪਹਿਲਾਂ ਹੀ ਆਰਥਿਕ, ਸਮਾਜਿਕ ਅਤੇ ਵਾਤਾਵਰਣੀ ਚੁਣੌਤੀਆਂ ਨਾਲ ਜੂਝ ਰਹੀ ਹੈ, ਅਜਿਹੇ ਸਮੇਂ ਜੰਗ ਦੀਆਂ ਘਟਨਾਵਾਂ ਹਾਲਾਤਾਂ ਨੂੰ ਹੋਰ ਵੀ ਗੰਭੀਰ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਈਰਾਨ ਖ਼ਿਲਾਫ਼ ਸੈਨਿਕ ਕਾਰਵਾਈ ਨਾਲ ਮੱਧ-ਪੂਰਬ ਵਿੱਚ ਅਸਥਿਰਤਾ ਵਧੀ ਹੈ ਅਤੇ ਇਸਦਾ ਅਸਰ ਵਿਸ਼ਵ ਅਰਥਵਿਵਸਥਾ,



ਊਰਜਾ ਸਰੋਤਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ‘ਤੇ ਵੀ ਪੈ ਰਿਹਾ ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਕਿਸੇ ਵੀ ਦੇਸ਼ ਵੱਲੋਂ ਤਾਕਤ ਦੇ ਜ਼ਰੀਏ ਸਮੱਸਿਆ ਦਾ ਹੱਲ ਲੱਭਣਾ ਨਿੰਦਣਯੋਗ ਹੈ ਅਤੇ ਇਹ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਸੰਪ੍ਰਭੁਤਾ ਦੇ ਸਿਧਾਂਤਾਂ ਦੇ ਖ਼ਿਲਾਫ਼ ਹੈ। ਜੰਗ ਕਾਰਨ ਹਜ਼ਾਰਾਂ ਨਿਰਦੋਸ਼ ਲੋਕਾਂ ਦੀ ਜਾਨ ਨੂੰ ਖਤਰਾ ਹੈ ਅਤੇ ਲੱਖਾਂ ਲੋਕ ਬੇਘਰ ਹੋ ਰਹੇ ਹਨ, ਜਿਸ ਨਾਲ ਮਨੁੱਖੀ ਸੰਕਟ ਹੋਰ ਗਹਿਰਾ ਹੋ ਰਿਹਾ ਹੈ। ਸੰਜੈ ਰਾਠੀ ਨੇ ਵਿਸ਼ਵ ਦੀਆਂ ਤਾਕਤਵਰ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਸ਼ਾਂਤੀ ਸਥਾਪਿਤ ਕਰਨ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਅਗਰੈਸਿਵ ਰਵੱਈਆ ਵਿਸ਼ਵ ਸੰਤੁਲਨ ਨੂੰ ਖਰਾਬ ਕਰਦਾ ਹੈ ਅਤੇ ਲੰਬੇ ਸਮੇਂ ਲਈ ਨੁਕਸਾਨਦੇਹ ਹੁੰਦਾ ਹੈ। ਉਨ੍ਹਾਂ ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਸ ਸੰਘਰਸ਼ ਨੂੰ ਤੁਰੰਤ ਰੋਕਣ ਲਈ ਢੁੱਕਵੇਂ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਗੱਲਬਾਤ, ਕੂਟਨੀਤੀ ਅਤੇ ਆਪਸੀ ਸਮਝ ਹੀ ਸਥਾਈ ਹੱਲ ਹੈ।

ਮੀਡੀਆ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੀਡੀਆ ਨੂੰ ਨਿਰਪੱਖ ਅਤੇ ਤੱਥਾਤਮਕ ਰਿਪੋਰਟਿੰਗ ਕਰਨੀ ਚਾਹੀਦੀ ਹੈ ਅਤੇ ਸ਼ਾਂਤੀ ਦਾ ਸੰਦੇਸ਼ ਦੇਣਾ ਚਾਹੀਦਾ ਹੈ। ਗਲਤ ਅਤੇ ਉਤੇਜਕ ਖ਼ਬਰਾਂ ਹਾਲਾਤਾਂ ਨੂੰ ਹੋਰ ਵਿਗਾੜ ਸਕਦੀਆਂ ਹਨ। ਅੰਤ ਵਿੱਚ ਉਨ੍ਹਾਂ ਕਿਹਾ ਕਿ ਮਨੁੱਖਤਾ ਸਭ ਤੋਂ ਵੱਧ ਮਹੱਤਵਪੂਰਨ ਹੈ ਅਤੇ ਇਸਨੂੰ ਕਿਸੇ ਵੀ ਕੀਮਤ ‘ਤੇ ਖਤਰੇ ਵਿੱਚ ਨਹੀਂ ਪਾਇਆ ਜਾਣਾ ਚਾਹੀਦਾ। ਉਨ੍ਹਾਂ ਸਭ ਦੇਸ਼ਾਂ ਨੂੰ ਅਪੀਲ ਕੀਤੀ ਕਿ ਜੰਗ ਦੀ ਬਜਾਏ ਸ਼ਾਂਤੀ, ਸਹਿਯੋਗ ਅਤੇ ਵਿਕਾਸ ਦਾ ਰਸਤਾ ਅਪਣਾਇਆ ਜਾਵੇ।

# ਸਰਕਾਰੀ ਪ੍ਰਾਇਮਰੀ ਸਕੂਲ ਸ਼ਹਿਬਾਜ਼ਪੁਰਾ ਵਿਖੇ ਸਵੱਛਤਾ ਕਲੱਬ ਦਾ ਗਠਨ ਕੀਤਾ ਗਿਆ






**ਰਾਏਕੋਟ, 22 ਅਪ੍ਰੈਲ ਗੁਰਭਿੰਦਰ ਗੁਰੀ** ਕਰੀਬੀ ਪਿੰਡ ਸ਼ਹਿਬਾਜ਼ਪੁਰਾ ਵਿਖੇ ਸੈਂਟਰ ਮੁੱਖ ਅਧਿਆਪਕ ਰਾਜਮਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਹੇਠ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦੀ ਚੋਣ ਕਰਕੇ ਸਵੱਛਤਾ ਕਲੱਬ ਦਾ ਗਠਨ ਕੀਤਾ ਗਿਆ। ਸਵੱਛਤਾ ਕਲੱਬ ਦਾ ਗਠਨ ਬੱਚਿਆਂ ਅੰਦਰ ਨਿੱਜੀ ਅਤੇ ਆਲੇ ਦੁਆਲੇ ਦੀ ਸਾਫ - ਸਫਾਈ ਸਬੰਧੀ ਜਾਗਰੂਕਤਾ ਲਿਆਉਣ ਦੇ ਲਈ ਹਰ ਸਾਲ ਨਵੇਂ ਸੈਸ਼ਨ ਦੌਰਾਨ ਕੀਤਾ ਜਾਂਦਾ ਹੈ। ਜਿਸ ਵਿੱਚ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਚੋਣ ਕਰਕੇ ਉਹਨਾਂ ਨੂੰ ਕਲੱਬ ਮੈਂਬਰ ਬਣਾਇਆ ਜਾਂਦਾ ਹੈ। ਉਹਨਾਂ ਵਿੱਚੋਂ ਹੀ ਸਵੱਛਤਾ ਕਲੱਬ ਦੇ ਪ੍ਰਧਾਨ ਦੀ ਨਿਯੁਕਤੀ ਕੀਤੀ ਜਾਂਦੀ ਹੈ। ਹਰਪ੍ਰੀਤ ਸਿੰਘ ਸੈਸ਼ਨ 2026-27 ਲਈ ਪ੍ਰਧਾਨ ਲਗਾਇਆ ਗਿਆ। ਇਸ ਦੌਰਾਨ ਗੁਰਫਤਿਹ ਸਿੰਘ, ਸਹਿਜਪ੍ਰੀਤ ਸਿੰਘ, ਅਰਨਵ ਸਿੰਘ ,ਜੁਝਾਰ ਸਿੰਘ, ਜਸਕੀਰਤ ਕੌਰ, ਅਰਮਾਨਜੋਤ ਸਿੰਘ , ਅਨਮੋਲਪ੍ਰੀਤ ਕੌਰ, ਗਗਨਪ੍ਰੀਤ ਸਿੰਘ, ਗਗਨਦੀਪ ਕੌਰ, ਕਰਨਵੀਰ ਸਿੰਘ, ਗੁਰਸਿਮਰਨਦੀਪ ਕੌਰ, ਸਿਮਰਨਜੀਤ ਕੌਰ, ਧਵਨ ਜੋਤ ਕੌਰ ਆਦਿ ਮੈਂਬਰ ਨਿਯੁਕਤ ਕੀਤੇ ਗਏ। ਸਵੱਛਤਾ ਕਲੱਬ ਨਾਲ ਸਾਰੇ ਸਕੂਲ ਦੇ ਵਿਦਿਆਰਥੀਆਂ ਅੰਦਰ ਸਵੱਛਤਾ ਸਬੰਧੀ ਆਦਤਾਂ ਨੂੰ ਪਰਪੱਕ ਕਰਨ ਲਈ ਅਤੇ ਕਲੱਬ ਦਾ ਕੰਮ ਦੇਖਣ ਲਈ ਕਲੱਬ ਦੇ ਇੰਚਾਰਜ ਅਧਿਆਪਕ ਕਰਮਜੀਤ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਸ੍ਰੀ ਖੇਮ ਰਾਜ ,ਕਮਲਜੀਤ ਕੌਰ ਅਤੇ ਸਿਮਰਨਜੀਤ ਕੌਰ ਆਦਿ ਹਾਜ਼ਰ ਸਨ।

# ਲਿੰਗ ਜਾਂਚ 'ਤੇ ਸਖ਼ਤ ਚੇਤਾਵਨੀ–ਉਲੰਘਣਾ ਕਰਨ 'ਤੇ ਜੇਲ੍ਹ ਤੱਕ ਪਹੁੰਚੇਗੀ ਗੱਲ : ਡਾ. ਹਰੀਸ਼ ਕਿਰਪਾਲ

## ਬਲਾਚੌਰ ਵਿੱਚ ਤਿੰਨ ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰਾਂ 'ਤੇ ਅਚਨਚੇਤ ਚੈਕਿੰਗ

**ਨਵਾਂਸ਼ਹਿਰ,: 22 ਅਪ੍ਰੈਲ (ਮਨੋਰੰਜਨ ਕਾਲੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ ਵੱਲੋਂ ਅੱਜ ਬਲਾਚੌਰ ਵਿੱਚ ਤਿੰਨ ਨਿੱਜੀ ਅਲਟਰਾਸਾਊਂਡ ਸਕੈਨ ਸੈਂਟਰਾਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ। ਇਸ ਦੌਰਾਨ ਰਿਕਾਰਡ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਕਾਰਵਾਈ ਦੌਰਾਨ ਕਾਰਜਕਾਰੀ ਪੀ.ਐਨ.ਡੀ.ਟੀ. ਕੋਆਰਡੀਨੇਟਰ ਹਰਨੇਕ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਹਰੀਸ਼ ਕਿਰਪਾਲ ਨੇ ਕਿਹਾ ਕਿ ਪੀ.ਸੀ.ਪੀ.ਐਨ.ਡੀ.ਟੀ. ਐਕਟ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਗਰਭ ਅਵਸਥਾ ਦੌਰਾਨ ਲਿੰਗ ਜਾਂਚ ਕਰਨਾ ਜਾਂ ਕਰਵਾਉਣਾ ਗੰਭੀਰ ਅਪਰਾਧ ਹੈ ਅਤੇ ਦੋਸ਼ੀ ਸਾਬਤ ਹੋਣ 'ਤੇ ਘੱਟੋ-ਘੱਟ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।



ਉਨ੍ਹਾਂ ਕਿਹਾ ਕਿ ਇਸ ਐਕਟ ਦਾ ਮੁੱਖ ਉਦੇਸ਼ ਮਾਦਾ ਭਰੂਣ ਹੱਤਿਆ ਵਰਗੀ ਸਮਾਜਿਕ ਬੁਰਾਈ 'ਤੇ ਰੋਕ ਲਗਾਉਣਾ ਅਤੇ ਮੈਡੀਕਲ ਤਕਨੀਕਾਂ ਦੀ ਗਲਤ ਵਰਤੋਂ ਨੂੰ ਰੋਕਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਹਰ ਗਤੀਵਿਧੀ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਡਾ. ਕਿਰਪਾਲ ਨੇ ਸੈਂਟਰਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਪੀ.ਸੀ.ਪੀ.ਐਨ.ਡੀ.ਟੀ. ਐਕਟ ਦੀਆਂ ਧਾਰਾਵਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ, ਨਹੀਂ ਤਾਂ ਸਖ਼ਤ ਕਾਰਵਾਈ ਲਈ ਤਿਆਰ ਰਹਿਣ। ਉਨ੍ਹਾਂ ਲਿੰਗ ਜਾਂਚ 'ਤੇ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਲੰਘਣਾ ਕਰਨ 'ਤੇ ਗੱਲ ਜੇਲ੍ਹ ਤੱਕ ਪਹੁੰਚੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੰਨਿਆ ਭਰੂਣ ਹੱਤਿਆ ਮਨੁੱਖਤਾ 'ਤੇ ਕਾਲਾ ਦਾਗ ਹੈ ਅਤੇ ਇਸਨੂੰ ਖ਼ਤਮ ਕਰਨ ਲਈ ਸਿਰਫ਼ ਕਾਨੂੰਨੀ ਕਾਰਵਾਈ ਹੀ ਨਹੀਂ, ਸਗੋਂ ਸਮਾਜ ਦੀ ਸੋਚ ਵਿੱਚ ਵੀ ਵੱਡੇ ਬਦਲਾਅ ਦੀ ਲੋੜ ਹੈ। ਔਰਤਾਂ ਦੀ ਮਹੱਤਤਾ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਔਰਤਾਂ ਤੋਂ ਬਿਨਾਂ ਸਮਾਜ ਦੀ ਹੋਂਦ ਅਸੰਭਵ ਹੈ। ਔਰਤ ਘਰ ਦੀ ਨੀਂਹ ਹੋਣ ਦੇ ਨਾਲ-ਨਾਲ ਹਰ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ, ਇਸ ਲਈ ਉਨ੍ਹਾਂ ਪ੍ਰਤੀ ਸਨਮਾਨ ਅਤੇ ਸਮਾਨਤਾ ਵਾਲੀ ਸੋਚ ਅਪਣਾਉਣਾ ਬਹੁਤ ਜ਼ਰੂਰੀ ਹੈ।

# ਖੂਹ/ਬੋਰਵੈਲ ਨੂੰ ਕਿਸੇ ਵੀ ਹਾਲਤ ਵਿਚ ਖੁੱਲਾ ਨਾ ਛੱਡਿਆ ਜਾਵੇ: ਜ਼ਿਲ੍ਹਾ ਮੈਜਿਸਟਰੇਟ

**ਨਵਾਂਸ਼ਹਿਰ, 22 ਅਪ੍ਰੈਲ।** ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਨੇ ਭਾਰਤੀ ਨਾਗਰਿਕ ਸੁਰਕਸਾ ਸੰਹਿਤਾ 2023 ਦੀ ਧਾਰਾ 163ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਪੇਂਡੂ/ਸ਼ਹਿਰੀ ਇਲਾਕਿਆਂ ਵਿੱਚ ਬੋਰਵੈਲਾਂ/ ਟਿਊਬਵੈਲਾਂ ਦੀ ਖੁਦਾਈ/ਮੁਰੰਮਤ ਕਰਨ ਤੋਂ ਪਹਿਲਾਂ ਜਮੀਨ ਮਾਲਕਾਂ ਅਤੇ ਸਬੰਧਤਾਂ ਵਿਭਾਗਾਂ ਨੂੰ ਖੂਹ/ਬੋਰ ਪੁੱਟਣ ਤੋਂ ਪਹਿਲਾਂ ਜ਼ਿਲ੍ਹਾ ਕੁਲੈਕਟਰ, ਸਬੰਧਤ ਸਰਪੰਚ, ਗ੍ਰਾਮ ਪੰਚਾਇਤ, ਨਗਰ ਕੌਂਸਲ, ਜਨ ਸਿਹਤ ਵਿਭਾਗ, ਭੂਮੀ ਰੱਖਿਆ ਵਿਭਾਗ (ਗਰਾਊਂਡ ਵਾਟਰ) ਨੂੰ 15 ਦਿਨ ਪਹਿਲਾਂ ਸੂਚਿਤ ਕਰੇਗਾ।

ਜਾਰੀ ਹੁਕਮ ਵਿੱਚ ਜ਼ਿਲ੍ਹਾ ਮੈਜਿਸਟਰੇਟ ਨੇ ਦਸਿਆ ਹੈ ਕਿ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਜਿਵੇਂ ਕਿ ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ ਵਗੈਰਾ ਦੀ ਰਜਿਸਟ੍ਰੇਸ਼ਨ ਹੋਣੀ ਜਰੂਰੀ ਹੈ।ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਵਾਲੀ ਥਾਂ ਤੇ ਡਰਿਲਿੰਗ ਏਜੰਸੀ ਦਾ ਅਤੇ ਖੂਹ ਪੁਟਾਏ ਜਾਣ ਵਾਲੇ ਮਾਲਕ ਦਾ ਪੂਰੇ ਪਤੇ ਵਾਲਾ ਸਾਈਨ ਬੋਰਡ ਲਗਵਾਇਆ ਜਾਵੇ ਅਤੇ ਉਸ ਸਾਈਨ ਬੋਰਡ ਤੇ ਡਰਿਲਿੰਗ ਏਜੰਸੀ ਦਾ ਰਜਿਸਟ੍ਰੇਸ਼ਨ ਨੰਬਰ ਵੀ ਲਿਖਿਆ ਹੋਵੇ।ਇਸ ਤੋਂ ਇਲਾਵਾ ਬੋਰਵੈਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਅਤੇ ਇਸ



ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨਟ-ਬੋਲਟ ਬੰਦ ਕਰਕੇ ਕਵਰ ਕਰਕੇ ਰੱਖਿਆ ਜਾਵੇਗਾ ਅਤੇ ਖੂਹ/ਬੋਰ ਦਾ ਢੱਕਣ ਕੇਸਿੰਗ ਪਾਈਪ ਨਾਲ ਨਟ-ਬੋਲਟਾਂ ਨਾਲ ਫਿਕਸ ਹੋਣਾ ਚਾਹੀਦਾ ਹੈ।ਖੂਹ/ਬੋਰਵੈਲ ਦੇ ਆਲੇ-ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫਾਰਮ ਜੋ ਜਮੀਨੀ ਲੇਬਲ ਤੋਂ 0.50-0.50-0.60 ਮੀਟਰ (0.30 ਮੀਟਰ ਜਮੀਨੀ ਲੇਬਲ ਤੋਂ ਉਪਰ ਅਤੇ 0.30 ਮੀਟਰ ਜਮੀਨੀ ਲੇਬਲ ਤੋਂ ਹੇਠਾਂ) ਖੂਹ ਦੇ ਆਲੇ-ਦੁਆਲੇ ਉਸਾਰੀ ਕੀਤੀ ਜਾਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਉਪਰੰਤ ਖਾਲੀ ਥਾਂ ਜੇਕਰ ਕੋਈ ਹੋਵੇ, ਨੂੰ ਮਿੱਟੀ ਨਾਲ ਭਰਿਆ ਜਾਵੇ/ਖਾਲੀ ਪਏ ਬੱਰਵੈਲ/ਖੂਹ ਨੂੰ ਮਿੱਟੀ/ਰੇਤ ਨਾਲ ਉਪਰ ਤੱਕ ਭਰਿਆ ਜਾਵੇ ਅਤੇ ਕੰਮ ਮੁਕੰਮਲ ਹੋਣ ਉਪਰੰਤ ਜਮੀਨੀ ਲੇਬਲ ਨੂੰ ਪਹਿਲਾਂ ਦੀ ਤਰ੍ਹਾਂ ਕੀਤਾ ਜਾਵੇ। ਖੂਹ/ਬੋਰਵੈਲ ਨੂੰ ਕਿਸੇ ਵੀ ਹਾਲਤ ਵਿਚ ਖੁੱਲਾ ਨਾ ਛੱਡਿਆ ਜਾਵੇ। ਨਕਾਰਾ ਪਏ ਖੂਹ ਨੂੰ ਚੀਕਨੀ ਮਿੱਟੀ, ਪੱਥਰ, ਕੰਕਰੀਟ ਵਗੈਰਾ ਤਲ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕਰਨਾ ਚਾਹੀਦਾ ਹੈ।ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਅਤੇ ਉਨ੍ਹਾਂ ਦੀ ਦੇਖ-ਰੇਖ ਤੋ ਬਿਨ੍ਹਾਂ ਨਹੀ ਕਰਵਾਏਗਾ ਅਤੇ ਖੂਹ/ਬੋਰਵੈਲ ਦੀ ਮੁਰੰਮਤ ਦੇ ਸਮੇਂ ਉਸ ਨੂੰ ਖੁੱਲਾ ਨਹੀਂ ਛੱਡਿਆ ਜਾਵੇਗਾ। ਜ਼ਿਲ੍ਹਾ ਮੈਜਿਸਟਰੇਟ ਨੇ ਦਸਿਆਂ ਪੇਂਡੂ ਇਲਾਕੇ ਵਿਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ ਵਿਚ ਜਨ ਸਿਹਤ ਵਿਭਾਗ, ਭੂਮੀ ਰੱਖਿਆ (ਗਰਾਊਂਡ ਵਾਟਰ), ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਅਧਿਕਾਰੀਆਂ ਵਲੋਂ ਆਪਣੇ-ਆਪਣੇ ਅਧਿਕਾਰਤ ਖੇਤਰਾਂ ਦੀ ਹਰ ਮਹੀਨੇ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਏਰੀਏ ਵਿਚ ਕਿੰਨੇ ਬੋਰ ਵੈਲ/ਖੂਹ ਆਦਿ ਨਵੇਂ ਖੁਦਵਾਏ ਗਏ, ਕਿੰਨੀਆਂ ਦੀ ਮੁਰੰਮਤ ਕਰਵਾਈ, ਕਿੰਨੇ ਵਰਤੋਂ ਵਿਚ ਹਨ, ਕਿੰਨੇ ਭਰਵਾਏ ਗਏ ਹਨ। ਇਨ੍ਹਾਂ ਵਿਭਾਗਾਂ ਵਲੋਂ ਆਪਣੇ- ਆਪਣੇ ਖੇਤਰ ਦੀ ਉਕਤ ਰਿਪੋਰਟ ਦੀ ਇਕ ਕਾਪੀ ਆਪਣੇ ਦਫਤਰ ਵਿਚ ਰਿਕਾਰਡ ਦੇ ਤੌਰ ਤੇ ਰੱਖੀ ਜਾਵੇਗੀ ਅਤੇ ਇਕ ਕਾਪੀ ਹਰ ਮਹੀਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸ਼ਹੀਦ ਭਗਤ ਸਿੰਘ ਨਗਰ ਨੂੰ ਭੇਜੀ ਜਾਵੇਗੀ। ਇਹ ਹੁਕਮ 14 ਜੂਨ 2026 ਤੱਕ ਲਾਗੂ ਰਹੇਗਾ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ਡਰਿਲਿੰਗ ਏਜੰਸੀ ਦੇ ਮਾਲਕ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਇੱਕ ਰੁੱਖ "ਪੰਜ਼ਾਬ ਮਾਤਾ" ਮਾਤਾ ਵਿੱਦਿਆਵਤੀ ਦੇ ਨਾਮ

**ਨਵਾਂਸ਼ਹਿਰ 23 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** "ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ" "ਬਲਾਕ ਰਾਹੋਂ" ਨੇ "ਵਰਲਡ ਅਰਥ ਡੇ", "ਖਟਕੜ ਕਲਾਂ" ਵਿਖੇ "ਮਾਤਾ ਵਿੱਦਿਆਵਤੀ ਯਾਦਗਾਰ ਹਾਲ" ਦੇ ਪਾਰਕ ਵਿੱਚ,ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਮਾਤਾ,ਪੰਜ਼ਾਬ ਮਾਤਾ ਕਹੇ ਜਾਣ ਵਾਲੇ,ਮਾਤਾ ਵਿੱਦਿਆਵਤੀ ਜੀ ਦੇ ਨਾਮ,ਇੱਕ ਰੁੱਖ ਲਗਾਗੇ ਮਨਾਇਆ ਬਲਾਕ ਰਾਹੋਂ ਦੇ ਪ੍ਰਧਾਨ ਡਾ.ਕੁਲਵਿੰਦਰ ਸਿੰਘ ਨੇ ਕਿਹਾ ਧਰਤੀ ਦੀ ਸੰਭਾਲ ਦੇ ਲਈ ਅਤਿ ਜਰੂਰੀ ਹੈ ਕਿ ਸਾਡੇ ਆਲੇ ਦੁਆਲੇ ਰੁੱਖਾਂ ਦੀ ਭਰਮਾਰ ਹੋਵੇ,ਇੱਕ ਸਰਵੇ ਦੇ ਮੁਤਾਬਿਕ ਸਾਨੂੰ ਪ੍ਰਤੀ ਵਿਅਕਤੀ 7 ਰੁੱਖ ਲਗਾਉਣੇ ਚਾਹੀਦੇ ਹਨ,ਉਹਨਾਂ ਕਿਹਾ ਰੁੱਖਾਂ ਨੂੰ ਲਗਾਉਣ ਦੇ ਨਾਲ ਬਚਾਉਣਾ ਵੀ ਜ਼ਰੂਰੀ ਹੈ,ਸਿਰਫ ਗਿਣਤੀ ਦੇ ਲਈ ਰੁੱਖ ਲਗਾਗੇ ਅਸੀਂ ਅਪਣੇ ਆਪ ਨੂੰ ਧੋਖਾ ਨਹੀਂ ਦੇ ਸਕਦੇ,ਜੇਕਰ ਲਗਾਏ ਹੋਏ ਰੁੱਖ ਸਹੀ ਸਲਾਮਤ ਵੱਧ ਫੁੱਲ ਜਾਂਦੇ ਹਨ,ਤਾਂਹੀ ਸਾਡੀ ਮਿਹਨਤ ਅਤੇ ਮੱਕਸਦ ਸਫ਼ਲ ਮੰਨੇ ਜਾਣਗੇ, ਡਾ.ਕੁਲਵਿੰਦਰ ਸਿੰਘ ਨੇ



ਕਿਹਾ,ਮਾਤਾ ਵਿੱਦਿਆਵਤੀ ਜੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਦੇ ਅਹਿਸਾਨਾ ਦਾ ਮੁੱਲ,ਅਸੀਂ ਕਦੇ ਵੀ ਨਹੀਂ ਮੋੜ ਸਕਦੇ,ਪਰ ਅਸੀਂ ਨਿੱਕੀਆਂ ਕੋਸ਼ਿਸ਼ਾਂ ਨਾਲ,ਉਹਨਾਂ ਨੂੰ ਯਾਦ ਕਰਦੇ ਸ਼ਰਧਾਂਜਲੀ ਦਿੰਦੇ ਹਾਂ,ਕਿ ਚੁਫੇਰਾ ਉਹਨਾਂ ਦੇ ਅਹਿਸਾਨਾਂ ਨਾਲ ਆਜ਼ਾਦ ਹੈ,ਤੇ ਇਸ ਚੁਫੇਰੇ ਨੂੰ ਉਹਨਾਂ ਦੀ ਯਾਦ ਨਾਲ ਮਹਿਕਦਾ ਵੀ ਰੱਖੀਏ, ਸੋ ਆਉ ਅਸੀਂ ਵਾਤਾਵਰਨ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝੀਏ ਅਤੇ ਮਿੱਟੀ ਪੌਣ ਪਾਣੀ ਦੀ ਸੰਭਾਲ ਕਰੀਏ. ਇਸ ਮੌਕੇ ਡਾ.ਕੁਲਵਿੰਦਰ ਸਿੰਘ ਰਸਨ,ਡਾ.ਸੁਰਿੰਦਰ ਸਿੰਘ,ਡਾ.ਰਮਨਦੀਪ,ਡਾ.ਰਣਜੀਤ ਸਿੰਘ,ਡਾ.ਜਸਵਿੰਦਰ ਸਿੰਘ,ਡਾ.ਜਤਿੰਦਰ ਸਿੰਘ, ਡਾ.ਜਗਤਾਰ ਰਾਮ,ਡਾ.ਜਗਜੀਤ ਸਿੰਘ ਆਦਿ ਹਾਜ਼ਿਰ ਸਨ।

# ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨਾ ਇੱਕ ਨੇਕ ਕੰਮ ਹੈ: ਗੁਲਪ੍ਰੀਤ ਸਿੰਘ ਅੁਲਖ ਡੀ.ਸੀ.

## ਸੇਵਾਮੁਕਤ ਸੂਬੇਦਾਰ ਮੇਜਰ ਸੰਤੋਖ ਸਿੰਘ ਨੇ ਆਪਣਾ ਮਰਨ ਉਪਰੰਤ ਸਰੀਰ ਦਾਨ ਫਾਰਮ ਭਰਿਆ

**ਨਵਾਂਸ਼ਹਿਰ 22 ਅਪ੍ਰੈਲ (ਮਨੋਰੰਜਨ ਕਾਲੀਆ )** - ਸੇਵਾਮੁਕਤ ਸੂਬੇਦਾਰ ਮੇਜਰ ਸੰਤੋਖ ਸਿੰਘ ਪੁੱਤਰ ਰਾਮ ਰਤਨ ਵਾਸੀ ਪਿੰਡ ਹੁਸੈਨਪੁਰ ਗੜ੍ਹੀ ਤਹਿਸੀਲ ਨਵਾਂਸ਼ਹਿਰ ਨੂੰ ਸ਼ਹੀਦ ਭਗਤ ਸਿੰਘ ਨਗਰ ਦੇ ਡੀ.ਸੀ. ਸ਼੍ਰੀ ਗੁਲਪ੍ਰੀਤ ਸਿੰਘ ਅੁਲਖ ਨੇ ਪਛਾਣ ਪੱਤਰ ਭੇਟ ਕੀਤਾ । ਇਸ ਮੌਕੇ 'ਤੇ ਸ਼੍ਰੀ ਗੁਲਪ੍ਰੀਤ ਸਿੰਘ ਅੁਲਖ ਡੀ.ਸੀ. ਨੇ ਕਿਹਾ ਕਿ ਮੌਤ ਤੋਂ ਬਾਅਦ ਸਰੀਰ ਦਾ ਸੰਸਕਾਰ ਕਰਨ ਦੀ ਬਜਾਏ ਇਸਨੂੰ ਮੈਡੀਕਲ ਕਾਲਜ ਨੂੰ ਦਾਨ ਕਰਨਾ ਡਾਕਟਰੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਹੋਵੇਗਾ । ਇਸ ਮੌਕੇ 'ਤੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਅਤੇ ਮਾਸਟਰ ਹੁਸਨ ਲਾਲ ਨੇ ਕਿਹਾ ਕਿ ਜੋ ਲੋਕ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ



ਕਰਨਾ ਚਾਹੁੰਦੇ ਹਨ ਉਹਨਾਂ ਦੇ ਫਾਰਮ ਭਰ ਕੇ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਜਾਂ ਪਿਮਸ ਮੈਡੀਕਲ ਕਾਲਜ ਅਤੇ ਹਸਪਤਾਲ, ਜਲੰਧਰ ਭੇਜੇ ਜਾਂਦੇ ਹਨ । ਉਨ੍ਹਾਂ ਦੇ ਪਛਾਣ ਪੱਤਰ ਉੱਥੋਂ ਬਣਾਏ ਜਾਂਦੇ ਹਨ । ਉਨ੍ਹਾਂ ਦੱਸਿਆ ਕਿ ਅੱਜ 145ਵੇਂ ਸਰੀਰ ਦਾਨੀ ਨੂੰ ਪਛਾਣ ਪੱਤਰ ਦਿੱਤਾ ਗਿਆ ਹੈ । ਉਨ੍ਹਾਂ ਨੇ ਆਪਣੇ ਸਰੀਰ ਦਾਨ ਕਰਕੇ ਸਮਾਜ ਸੇਵਾ ਵਿੱਚ ਯੋਗਦਾਨ ਪਾਉਣ ਵਾਲਿਆਂ ਦਾ ਧੰਨਵਾਦ ਕੀਤਾ । ਇਸ ਮੌਕੇ ਸਰੀਰ ਦਾਨੀ ਸੰਤੋਖ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ 28 ਸਾਲ ਫੌਜ ਵਿੱਚ ਸੇਵਾ ਕੀਤੀ ਅਤੇ ਹੁਣ ਉਨ੍ਹਾਂ ਨੇ ਆਪਣੀ ਮੌਤ ਤੋਂ ਬਾਅਦ ਸਮਾਜ ਸੇਵਾ ਵਿੱਚ ਯੋਗਦਾਨ ਪਾਉਣ ਲਈ ਇਹ ਫਾਰਮ ਭਰਿਆ ਹੈ । ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਹ ਫਾਰਮ ਕੁਲਵੰਤ ਕੌਰ (ਪਤਨੀ), ਗੁਰਪਿਆਰ ਸਿੰਘ (ਪੁੱਤਰ) ਅਤੇ ਮਨਪ੍ਰੀਤ ਕੌਰ (ਪੁੱਤਰੀ) ਦੀ ਸਹਿਮਤੀ ਨਾਲ ਭਰਿਆ ਹੈ । ਰਤਨ ਜੈਨ ਨੇ ਦੱਸਿਆ ਕਿ ਸੰਤੋਖ ਸਿੰਘ ਇਸ ਸਮੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੁਕੰਦਪੁਰ ਵਿਖੇ ਸੇਵਾ ਨਿਭਾ ਰਹੇ ਹਨ । ਇਸ ਮੌਕੇ ਦੋਆਬਾ ਸੇਵਾ ਸੰਮਤੀ ਦੇ ਸਕੱਤਰ ਰਤਨ ਕੁਮਾਰ ਜੈਨ, ਮਾਸਟਰ ਹੁਸਨ ਲਾਲ, ਅਸ਼ੋਕ ਸ਼ਰਮਾ (ਸੇਵਾਮੁਕਤ ਬੈਂਕ ਮੈਨੇਜਰ), ਅਤੇ ਅਸ਼ੋਕ ਸ਼ਰਮਾ (ਸੇਵਾਮੁਕਤ ਸੁਪਰਡੈਂਟ) ਮੌਜੂਦ ਸਨ ।

# ਜਨਤਾ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਬਰਦਾਸ਼ਤ ਨਹੀਂ: ਸਹਾਇਕ ਕਮਿਸ਼ਨਰ (ਫੂਡ) ਸ੍ਰੀਮਤੀ ਹਰਪ੍ਰੀਤ ਕੌਰ

- ਮਿਲਾਵਟ 'ਤੇ ਜ਼ੀਰੋ ਟੋਲਰੈਂਸ ਨੀਤੀ ਅਪਣਾਉਂਦੇ ਹੋਏ ਨਵਾਂਸ਼ਹਿਰ ਵਿੱਚ ਪਨੀਰ 'ਤੇ ਵੱਡੀ ਰੇਡ, ਨਾਕਾਬੰਦੀ ਦੌਰਾਨ ਡੇਢ ਕੁਇੰਟਲ ਸ਼ੱਕੀ ਪਨੀਰ ਜ਼ਬਤ
- ਦੁਕਾਨਦਾਰ ਸਾਵਧਾਨ: ਬਾਹਰਲੇ ਪਨੀਰ ਤੋਂ ਬਣਾਓ ਦੂਰੀ

**ਨਵਾਂਸ਼ਹਿਰ, 22 ਅਪ੍ਰੈਲ (ਮਨੋਰੰਜਨ ਕਾਲੀਆ ):** ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਨਤਾ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨੂੰ ਬਰਦਾਸ਼ਤ ਨਾ ਕਰਦੇ ਹੋਏ, ਫੂਡ ਸੇਫਟੀ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਸਵੇਰੇ ਮਾਛੀਵਾੜਾ ਰੋਡ, ਨਵਾਂਸ਼ਹਿਰ ਵਿਖੇ ਅਚਾਨਕ ਨਾਕਾਬੰਦੀ ਕਰਕੇ ਸ਼ਹਿਰ ਵਿੱਚ ਬਾਹਰੋਂ ਆ ਰਹੀਆਂ ਦੁੱਧ ਅਤੇ ਪਨੀਰ ਦੀਆਂ ਗੱਡੀਆਂ ਦੀ ਸਖ਼ਤ ਚੈਕਿੰਗ ਕੀਤੀ ਗਈ। ਇਸ ਵਿਸ਼ੇਸ਼ ਮੁਹਿੰਮ ਦੌਰਾਨ ਸਹਾਇਕ ਕਮਿਸ਼ਨਰ (ਫੂਡ) ਸ਼੍ਰੀਮਤੀ ਹਰਪ੍ਰੀਤ ਕੌਰ ਅਤੇ ਫੂਡ ਸੇਫਟੀ ਅਫਸਰ ਸ. ਵਿਕਰਮਜੀਤ ਸਿੰਘ ਦੀ ਅਗਵਾਈ ਹੇਠ ਟੀਮ ਨੇ ਮਿਲਾਵਟ 'ਤੇ ਜ਼ੀਰੋ ਟੋਲਰੈਂਸ ਨੀਤੀ ਅਪਣਾਉਂਦੇ ਹੋਏ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੋਂ ਆ ਰਹੀ ਇੱਕ ਗੱਡੀ ਨੂੰ ਰੋਕ ਕੇ ਉਸ ਵਿੱਚ ਲੋਡ ਪਨੀਰ ਦੀ ਜਾਂਚ ਕੀਤੀ। ਜਾਂਚ ਦੌਰਾਨ ਤਕਰੀਬਨ ਡੇਢ ਕੁਇੰਟਲ ਸ਼ੱਕੀ ਪਨੀਰ ਬਰਾਮਦ ਕਰਕੇ ਮੌਕੇ 'ਤੇ ਹੀ ਜ਼ਬਤ ਕੀਤਾ ਗਿਆ। ਇਸ ਸਬੰਧੀ ਸਹਾਇਕ ਕਮਿਸ਼ਨਰ (ਫੂਡ) ਸ਼੍ਰੀਮਤੀ ਹਰਪ੍ਰੀਤ ਕੌਰ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਫੂਡ ਸੇਫਟੀ ਟੀਮ ਵੱਲੋਂ ਪਨੀਰ ਦੇ ਸੈਂਪਲ ਲੈ ਕੇ ਉਨ੍ਹਾਂ ਨੂੰ ਸਟੇਟ ਲੈਬਾਰਟਰੀ





ਵਿਖੇ ਭੇਜ ਦਿੱਤਾ ਗਿਆ ਹੈ ਅਤੇ ਰਿਪੋਰਟ ਪ੍ਰਾਪਤ ਹੋਣ ਉਪਰੰਤ ਮਿਲਾਵਟਖੋਰਾਂ ਵਿਰੁੱਧ ਫੂਡ ਸੇਫਟੀ ਐਕਟ ਅਧੀਨ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਜ਼ਿਲ੍ਹੇ ਦੇ ਸਮੂਹ ਦੁਕਾਨਦਾਰਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਸ਼ਹਿਰ ਤੋਂ ਬਾਹਰੋਂ ਆਉਣ ਵਾਲਾ ਪਨੀਰ ਖਰੀਦਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਖੁਦ ਹੀ ਦੁੱਧ ਤੋਂ ਪਨੀਰ ਤਿਆਰ ਕੀਤਾ ਜਾਵੇ। ਘਟੀਆ ਜਾਂ ਮਿਲਾਵਟੀ ਪਨੀਰ ਦੀ ਖਰੀਦ-ਫਰੋਖ਼ਤ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਮਿਲਾਵਟਖੋਰਾਂ ਖ਼ਿਲਾਫ਼ ਇਸ ਤਰ੍ਹਾਂ ਦੀਆਂ ਅਚਾਨਕ ਕਾਰਵਾਈਆਂ ਜਾਰੀ ਰਹਿਣਗੀਆਂ ਅਤੇ ਕਿਸੇ ਨੂੰ ਵੀ ਜਨਤਾ ਦੀ ਸਿਹਤ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਸਦੇ ਨਾਲ ਹੀ ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਹ ਖਾਧ ਪਦਾਰਥਾਂ ਦੀ ਖਰੀਦਦਾਰੀ ਸਮੇਂ ਸਿਰਫ਼ ਭਰੋਸੇਯੋਗ ਵਿਕਰੇਤਾਵਾਂ ਨੂੰ ਤਰਜੀਹ ਦੇਣ ਅਤੇ ਤਾਜ਼ਾ ਤਿਆਰ ਕੀਤਾ ਹੋਇਆ ਸਮਾਨ ਹੀ ਖਰੀਦਣ। ਖ਼ਾਸ ਕਰਕੇ ਗਰਮੀ ਦੇ ਮੌਸਮ ਵਿੱਚ ਖਾਣ-ਪੀਣ ਦੀਆਂ ਵਸਤੂਆਂ ਨੂੰ ਧਿਆਨ ਨਾਲ ਜਾਂਚ ਕੇ ਹੀ ਵਰਤੋਂ ਵਿੱਚ ਲਿਆ ਜਾਵੇ।

# ਸੰਤ ਹਰੀ ਦਾਸ ਉਦਾਸੀਨ ਆਸ਼ਰਮ ਵਲੋਂ ਇਲਾਕਾ ਨਿਵਾਸੀਆਂ ਨੂੰ ਮੋਰਚਰੀ ਵੈਨ ਸਮਰਪਿਤ ਕੀਤੀ

## ਕੈਬਨਿਟ ਮੰਤਰੀ ਡਾ. ਰਵਜੋਤ ਨੇ ਸਮਾਜ ਸੇਵੀ ਕਾਰਜ ਦੀ ਕੀਤੀ ਸ਼ਲਾਘਾ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ )**-ਗੁਰੂ ਦੀ ਗੋਲਕ ਗਰੀਬ ਦਾ ਮੂੰਹ ਵਾਕ ਨੂੰ ਅਮਲੀ ਜਾਮਾ ਪਹਿਨ-ਾਉਣ, ਸਮਾਜ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਵਾਲੀ ਸੰਤ ਸੁਰਿੰਦਰ ਦਾਸ ਜੀ ਵੈਲਫੇਅਰ ਸੋਸਾਇਟੀ ਮੁੱਖ ਦਫਤਰ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਪਿੰਡ ਕੂਪਰ - ਢੇਪੁਰ (ਅੱਡਾ ਕਠਾਰ ) ਜਿਲ੍ਹਾ ਜਲੰਧਰ ਵੱਲੋਂ ਅੱਜ ਉਸ ਸਮੇ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ ਜਦੋਂ ਸੋਸਾਇਟੀ ਦੇ ਚੇਅਰਮੈਨ ਅਤੇ ਆਸ਼ਰਮ ਦੇ ਸੰਚਾਲਕ ਸੰਤ ਪ੍ਰਦੀਪ ਦਾਸ ਜੀ ਅਤੇ ਸੋਸਾਇਟੀ ਮੈਂਬਰਾਂ ਨੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ.



ਰਵਜੋਤ ਸਿੰਘ ਦੀ ਹਾਜ਼ਰੀ ਵਿੱਚ ਇੱਕ ਮੋਰਚਰੀ ਵੈਨ ਇਲਾਕਾ ਨਿਵਾਸੀਆਂ ਨੂੰ ਸਮਰਪਿਤ ਕੀਤੀ । ਸੋਸਾਇਟੀ ਦੇ ਇਸ ਕਾਰਜ ਲਈ ਡਾ. ਰਵਜੋਤ ਸਿੰਘ ਨੇ ਸੰਤ ਪ੍ਰਦੀਪ ਦਾਸ ਜੀ ਅਤੇ ਸੋਸਾਇਟੀ ਮੈਬਰਾਂ ਦੀ ਬਹੁਤ ਸ਼ਲਾਘਾ ਕੀਤੀ ਅਤੇ ਅਪਣੇ ਵਲੋਂ ਹਰ ਸਮੇਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਇਦਾ ਕੀਤਾ ।

# ਐਨ ਆਰ ਆਈ ਸੁਰਜੀਤ ਸਿੰਘ (ਯੂ ਕੇ) ਨੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਛੋਕਰਾਂ ਨੂੰ ਦਿੱਤੀ 25 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ



**ਫਿਲੌਰ/ਅੱਪਰਾ, 22 ਅਪ੍ਰੈਲ (ਦੀਪਾ)**-ਕਰੀਬੀ ਪਿੰਡ ਛੋਕਰਾਂ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਵਿਖੇ ਸਕੂਲ ਵਿਕਾਸ ਕਮੇਟੀ ਵਲੋਂ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਐੱਨ ਆਰ ਆਈ ਸੁਰਜੀਤ ਸਿੰਘ (ਯੂ ਕੇ) ਵਿਸ਼ੇਸ਼ ਤੌਰ ਤੇ ਹਾਜਰ ਹੋਏ। ਸਮਾਗਮ ਦੌਰਾਨ ਸੁਰਜੀਤ ਸਿੰਘ (ਯੂ ਕੇ) ਵਲੋਂ ਸਕੂਲ ਵਿਕਾਸ ਕਮੇਟੀ ਨੂੰ 20 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦਿੱਤੀ ਗਈ, ਜਦਕਿ 5 ਹਜ਼ਾਰ ਰੁਪਏ ਬਾਥਰੂਮਾਂ ਤੇ ਪਾਣੀ ਵਾਲੇ ਆਰ ਓ ਫਿਲਟਰਾਂ ਦੀ ਰਿਪੇਅਰ ਵਾਸਤੇ ਦਿੱਤੇ ਗਏ। ਇਸ ਮੌਕੇ ਸਕੂਲ ਵਿਕਾਸ ਕਮੇਟੀ ਤੇ ਸਮੂਹ ਸਟਾਫ਼ ਵੱਲੋਂ ਸੁਰਜੀਤ ਸਿੰਘ (ਯੂ ਕੇ) ਨੂੰ ਸਿਰੋਪਾਉ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਮਾਸਟਰ ਕੁਲਵੀਰ ਸਿੰਘ ਤੇ ਸਰਬਜੀਤ ਸਿੰਘ ਰਾਣਾ ਵਲੋਂ ਐੱਨ ਆਰ ਆਈ ਸੁਰਜੀਤ ਸਿੰਘ (ਯੂ ਕੇ) ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਮੁਹੰਮਦ ਸਰਵਰ ਮੱਖਣ, ਬਿੰਦਰ ਰਾਮ, ਦੀਪਾ ਛੋਕਰ, ਗ੍ਰੰਥੀ ਅਵਤਾਰ ਸਿੰਘ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# ਸਰਕਾਰੀ ਮਿਡਲ ਸਮਾਰਟ ਸਕੂਲ, ਸਿਆਣਾ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ





**ਬਲਾਚੌਰ 22 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਸਰਕਾਰੀ ਮਿਡਲ ਸਮਾਰਟ ਸਕੂਲ, ਸਿਆਣਾ ਵਿੱਚ ਸਕੂਲ ਮੁਖੀ ਮਨੋਜ ਕੁਮਾਰ ਜੀ ਦੀ ਅਗਵਾਈ ਵਿੱਚ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਉਹਨਾਂ ਨੇ ਅਤੇ ਈਕੋ ਕਲੱਬ ਇੰਚਾਰਜ ਰਣਵੀਰ ਸਿੰਘ ਨੇ ਦੱਸਿਆ ਕਿ ਸੂਰਜ ਪਰਿਵਾਰ ਦੇ ਅੱਠ ਗ੍ਰਹਿਆਂ ਵਿੱਚੋ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿਸ ਉੱਤੇ ਜੀਵਨ ਸੰਭਵ ਹੈ। ਇਹ ਸਾਨੂੰ ਜੀਵਨ ਲਈ ਹਵਾ, ਪਾਣੀ, ਖੁਰਾਕ ਅਤੇ ਆਵਾਸ ਆਦਿ ਪ੍ਰਦਾਨ ਕਰਦੀ ਹੈ। ਪਰ ਅੱਜ ਧਰਤੀ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ ਜਿਵੇਂ ਕਿ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਮੌਸਮੀ ਤਬਦੀਲੀ ਅਤੇ ਜੀਵ-ਜੰਤੂਆਂ ਦੀ ਘਟਦੀ ਗਿਣਤੀ। ਇਹ ਸਾਰੀਆਂ ਸਮੱਸਿਆਵਾਂ ਮਨੁੱਖੀ ਗਤੀਵਿਧੀਆਂ ਕਾਰਨ ਪੈਦਾ ਹੋ ਰਹੀਆਂ ਹਨ। ਸੰਜੀਵ ਕੁਮਾਰ ਸ. ਸ. ਮਾਸਟਰ ਨੇ ਦੱਸਿਆ ਧਰਤੀ ਦਿਵਸ 2026 ਸਾਨੂੰ ਯਾਦ ਦਿਵਾਉਂਦਾ ਹੈ ਕਿ ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਨਾਲ ਵੀ ਵੱਡਾ ਬਦਲਾਅ ਲਿਆਇਆ ਜਾ ਸਕਦਾ ਹੈ। ਅਸੀਂ ਰੁੱਖ ਲਗਾ ਸਕਦੇ ਹਾਂ, ਪਲਾਸਟਿਕ ਦੀ ਵਰਤੋਂ ਘਟਾ ਸਕਦੇ ਹਾਂ, ਪਾਣੀ ਬਚਾ ਸਕਦੇ ਹਾਂ ਅਤੇ ਆਪਣੇ ਆਸ-ਪਾਸ ਸਫ਼ਾਈ ਰੱਖ ਸਕਦੇ ਹਾਂ। ਸਕੂਲ ਵਿਦਿਆਰਥੀ ਸਿਮਰਨ, ਅਯੂਸ਼ੀ, ਹਰਲੀਨ, ਪ੍ਰਭਜੋਤ, ਨਵਜੋਤ ਅਤੇ ਸਹਿਜਵੀਰ ਆਦਿ ਨੇ ਧਰਤੀ ਅਤੇ ਵਾਤਾਵਰਣ ਸੰਰੱਖਣ ਬਾਰੇ ਜਾਗਰੂਕਤਾ ਫੈਲਾਉਣ ਲਈ ਕਈ ਪ੍ਰੇਰਨਾਦਾਇਕ ਗਤੀਵਿਧੀਆਂ ਡਰਾਇੰਗ, ਭਾਸ਼ਣ, ਕਵਿਤਾ, ਸਲੋਗਨ ਬੋਲਣ ਆਦਿ ਵਿੱਚ ਭਾਗ ਲਿਆ। ਅੰਤ ਵਿੱਚ ਮੈਡਮ ਜਯੋਤੀ ਵਲੋਂ ਧਰਤੀ ਨੂੰ ਹਰਾ ਭਰਾ ਰੱਖਣ, ਪਾਣੀ, ਬਿਜਲੀ ਬਚਾਉਣ, ਪ੍ਰਦੂਸ਼ਣ ਘੱਟ ਕਰਨ ਅਤੇ ਆਪਣਾ ਆਲਾ ਦੁਆਲਾ ਸਾਫ਼ ਸੁਥਰਾਥ ਰੱਖਣ ਸਬੰਧੀ ਲਈ ਇੱਕ (ਪ੍ਰਨ) ਕਰਵਾਈ ਗਈ।

## ਕੇਸੀ ਸਕੂਲ ਦੇ ਬੱਚਿਆਂ ਨੇ ਧਰਤੀ ਦਿਵਸ ’ਤੇ ਰੁੱਖ ਲਗਾਏ





**ਨਵਾਂਸ਼ਹਿਰ, 22 ਅਪ੍ਰੈਲ,(ਜਤਿੰਦਰ ਪਾਲ ਸਿੰਘ ਕਲੇਰ )** ਵਿਸ਼ਵ ਧਰਤੀ ਦਿਵਸ ’ਤੇ, ਕਰਿਆਮ ਰੋਡ ’ਤੇ ਸੱਥਿਤ ਕੇਸੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵਾਤਾਵਰਣ ਬਚਾਉਣ ਅਤੇ ਧਰਤੀ ਨੂੰ ਸੁੰਦਰ ਰੱਖਣ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਵਿੱਚ ਵੱਖੋ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ। ਗਰੁੱਪ ਸੀਈਓ (ਗਰੁੱਪ ਕੈਪਟਨ) ਅਸ਼ਵਨੀ ਦੱਤਾ ਅਤੇ ਸਕੂਲ ਪ੍ਰਿੰਸੀਪਲ ਰੰਜਨਾ ਖੰਨਾ ਦੀ ਦੇਖਰੇਖ ’ਚ ਵਿਦਿਆਰਥੀ ਹਰਾ ਭੋਜਨ ਅਤੇ ਹਰੇ ਕੱਪੜੇ ਪਾ ਕੇ ਸਕੂਲ ਪੁੱਜੇ। ਸਕੂਲ ਦੇ ਹਰੇਕ ਹਾਊਸ, ਇਮਰਾਲਡ, ਰੂਬੀ, ਟੋਪਾਜ ਅਤੇ ਸੈਫਾਇਰ ਹਾਊਸ ਦੇ 250 ਤੋਂ ਵੱਧ ਬੱਚਿਆਂ ਨੇ ਲਗਭਗ 50 ਵੱਖੋ-ਵੱਖ ਕਿਸਮਾਂ ਦੇ ਰੁੱਖ ਲਗਾਏ ਅਤੇ ਉਨ੍ਹਾਂ ਦੀ ਰੱਖਿਆ ਕਰਨ ਅਤੇ ਧਰਤੀ ਨੂੰ ਸੁੰਦਰ ਰੱਖਣ ਦਾ ਪ੍ਰਣ ਲਿਆ। ਇਸ ਦੇ ਨਾਲ ਹੀ, ਬੱਚਿਆਂ ਨੇ ਲੋਕਾਂ ਨੂੰ ਕੂੜਾ ਸੁੱਟਣ ਤੋਂ ਰੋਕਣ ਲਈ ਉਤਸ਼ਾਹਿਤ ਕਰਨ ਲਈ ਸਕੂਲ ਵਿੱਚ ਇੱਕ ਰੈਲੀ ਕੱਢੀ। ਸੀਈਓ ਅਸ਼ਵਨੀ ਦੱਤਾ ਨੇ ਦੱਸਿਆ ਕਿ ਵਿਸ਼ਵ ਧਰਤੀ ਦਿਵਸ ਜੀਵਨ ਦੇ ਸਰੋਤਾਂ ਨੂੰ ਬਚਾਉਣ ਅਤੇ ਇੱਕ ਸਿਹਤਮੰਦ ਵਾਤਾਵਰਣ ਬਣਾਈ ਰੱਖਣ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ। ਵਧਦੀ ਆਬਾਦੀ ਨੇ ਕੁਦਰਤੀ ਸਰੋਤਾਂ ’ਤੇ ਬੇਲੋੜਾ ਬੋਝ ਪਾਇਆ ਹੈ, ਜਿਸ ਨਾਲ ਸਰੋਤਾਂ ਦੀ ਸਹੀ ਵਰਤੋਂ ਲਈ ਧਰਤੀ ਦਿਵਸ ਵਰਗੇ ਪ੍ਰੋਗਰਾਮਾਂ ਦੀ ਮਹੱਤਤਾ ਵਧ ਗਈ ਹੈ। ਜੇਕਰ ਅੱਜ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ, ਤਾਂ ਉਹ ਭਵਿੱਖ ਵਿੱਚ ਵਾਤਾਵਰਣ ਪ੍ਰੇਮੀ ਬਣ ਜਾਣਗੇ ਅਤੇ ਧਰਤੀ ਨੂੰ ਬਚਾ ਸਕਣਗੇ। ਹੈੱਡਮਾਸਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਲਾੱਕਡਾਉਣ ਕਾਰਨ ਧਰਤੀ ਦੀਆਂ ਵਾਈਬ੍ਰੇਸ਼ਨਾਂ ’ਚ 30 ਤੋਂ 50 ਫੀਸਦੀ ਕਮੀ ਆਈ ਹੈ। ਓਜ਼ੋਨ ਪਰਤ ’ਚ ਸੁਧਾਰ, ਪ੍ਰਦੂਸ਼ਣ ਘਟਾਉਣ ਅਤੇ ਨਦੀਆਂ ਦੇ ਪੱਧਰ ਤੋਂ ਧਰਤੀ ਨੂੰ ਬਹੁਤ ਫਾਇਦਾ ਹੋਇਆ। ਹਾਊਸ ਦੇ ਪ੍ਰਮੁੱਖ ਰਾਜਵੀਰ ਕੌਰ, ਹਰਦੀਪ ਸੰਧੂ, ਹਿਨਾ ਖੰਨਾ ਅਤੇ ਮੋਨਿਕਾ ਸ਼ਰਮਾ ਨੇ ਦੱਸਿਆ ਕਿ ਰੁੱਖ ਲਗਾ ਕੇ ਬੱਚਿਆਂ ਨੇ ਰੁੱਖ ਲਗਾਓ, ਧਰਤੀ ਬਚਾਓ ਦਾ ਸੰਦੇਸ਼ ਦਿੱਤਾ, ਇੱਕ ਅਜਿਹਾ ਸੰਦੇਸ਼ ਜੋ ਕੱਲ੍ਹ ਸਾਡੇ ਵਾਤਾਵਰਣ ਦੀ ਰੱਖਿਆ ਵਿੱਚ ਮਦਦ ਕਰੇਗਾ।

# ਮਾਨਵ ਏਕਤਾ ਦਿਵਸ ਮੌਕੇ ਮੋਰਿੰਡਾ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ 24 ਅਪ੍ਰੈਲ ਨੂੰ

**ਮੋਰਿੰਡਾ, 22 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)—** ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ‘ਮਾਨਵ ਏਕਤਾ ਦਿਵਸ’ ਦੇ ਮੌਕੇ 24 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਮੋਰਿੰਡਾ ਦੇ ਸੰਤ ਨਿਰੰਕਾਰੀ ਸਤਿਸੰਗ ਭਵਨ, ਰੋਪੜ ਰੋਡ ਵਿਖੇ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਬਾਬਾ ਹਰਦੇਵ ਸਿੰਘ ਜੀ ਦੇ ਮਨੁੱਖਤਾ ਭਰੇ ਵਿਚਾਰ—‘ਖ਼ੂਨ ਨਾੜੀਆਂ ਵਿੱਚ ਵਗਣਾ ਚਾਹੀਦਾ ਹੈ, ਨਾਲੀਆਂ ਵਿੱਚ ਨਹੀਂ’—ਨੂੰ ਅਮਲ ਵਿੱਚ ਲਿਆਉਂਦੇ ਹੋਏ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ‘ਹਿਊਮੈਨਨੈੱਸ ਬਲੱਡ ਡਰਾਈਵ’ ਦੇ ਤਹਿਤ ਆਯੋਜਿਤ ਹੋ ਰਹੇ ਇਸ ਕੈਂਪ ਦਾ ਮਕਸਦ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣਾ ਅਤੇ ਸਮਾਜ ਵਿੱਚ ਮਨੁੱਖਤਾ, ਸਹਿਯੋਗ ਅਤੇ ਸੇਵਾ ਭਾਵਨਾ ਨੂੰ ਮਜ਼ਬੂਤ ਕਰਨਾ ਹੈ। ਸੰਸਥਾ ਦੇ ਬੁਲਾਰੇ ਅਮਰਜੀਤ ਸਿੰਘ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੇਵਾਦਾਰਾਂ ਅਤੇ ਇਲਾਕਾ ਨਿਵਾਸੀਆਂ ਵਿੱਚ ਖ਼ੂਨਦਾਨ ਲਈ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਪ੍ਰਬੰਧਕਾਂ ਨੇ ਸਮੂਹ ਇਲਾਕਾ ਵਾਸੀਆਂ, ਖ਼ਾਸ ਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਾਨ ਸੇਵਾ ਕਾਰਜ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਖ਼ੂਨਦਾਨ ਕਰਕੇ ਕੀਮਤੀ ਜਾਨਾਂ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਅੰਮ੍ਰਿਤ ਅਭਿਲਾਖੀ ਮਾਰਚ 26 ਅਪ੍ਰੈਲ ਨੂੰ

**ਫਿਲੌਰ/ਅੱਪਰਾ, 22 ਅਪ੍ਰੈਲ (ਦੀਪਾ)**-ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਵਲੋਂ ਖਾਲਸਾ ਸਿਰਜਣ ਦਿਵਸ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਮ੍ਰਿਤ ਅਭਿਲਾਖੀ ਮਾਰਚ 26 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 7 ਵਜੇ ਗੁਰਦੁਆਰਾ ਸਿੰਘ ਸਭਾ ਅੱਪਰਾ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਸਜਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਅੰਮ੍ਰਿਤ ਵੇਲੇ ਦਾ ਦੀਵਾਨ ਉਸੇ ਦਿਨ ਸਵੇਰੇ 5 ਵਜੇ ਤੋਂ ਲੈ ਕੇ 6.15 ਤੱਕ ਸਜਾਇਆ ਜਾਵੇਗਾ। ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਦੇ ਚਾਹਵਾਨ ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਦੇ ਨਾਲ ਸੰਪਰਕ ਕਰ ਸਕਦੇ ਹਨ।




# ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਭਲਾਈ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਤਲਬ

## ਮਲਟੀਪਰਪਜ ਹੈਲਥ ਵਰਕਰਾਂ ਦੀ ਪਦਉੱਨਤੀ ਵਿੱਚ ਗੰਭੀਰ ਬੇਨਿਯਮੀਆਂ ਆਈਆਂ ਸਾਹਮਣੇ

**ਨਵਾਂਸ਼ਹਿਰ , 21 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )**
ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਮਲਟੀਪਰਪਜ਼ ਹੈਲਥ ਵਰਕਰ (ਮੇਲ) ਕੇਡਰ ਦੀ ਸ਼ਿਕਾਇਤ ’ ਤੇ ਸਖ਼ਤ ਕਾਰਵਾਈਆਂ ਕਰਦਿਆਂ 29 ਅਪ੍ਰੈਲ ਨੂੰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਬਾਰੇ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਨੰਬਰ -22 ਨੂੰ ਐਸ.ਸੀ. ਕਮਿਸ਼ਨ ਦਫਤਰ ਵਿਖੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।

ਸ਼ਿਕਾਇਤ ਤੇ ਕਾਰਵਾਈ ਕਰਦਿਆਂ ਐਸ.ਸੀ. ਕਮਿਸ਼ਨ ਚੇਅਰਮੈਨ ਨੇ ਪਹਿਲਾਂ ਸਬੰਧਤ ਵਿਭਾਗ ਤੋਂ ਪਿਛਲੇ 15 ਸਾਲਾਂ ਦੌਰਾਨ ਮਲਟੀਪਰਪਜ਼ ਹੈਲਥ ਵਰਕਰ (ਮੇਲ)ਤੋਂ ਮਲਟੀਪਰਪਜ ਹੈਲਥ ਵਰਕਰ ਸੁਪਰਵਾਈਜ਼ਰ (ਮੇਲ) ਵਜੋਂ ਹੋਈਆਂ ਤਰੱਕੀਆਂ ਦੇ ਰਿਕਾਰਡ ਦੀ ਪੜਤਾਲ ਕਰਨ ਲਈ ਰੋਸਟਰ ਚੈਕਿੰਗ ਟੀਮ ਵੱਲੋਂ ਵੈਰੀਫਾਈ ਕੀਤੇ ਰੋਸਟਰ ਰਜਿਸਟਰ ਦੀ ਮੰਗ ਕੀਤੀ ਸੀ । ਸਬੰਧਤ ਵਿਭਾਗ ਦੇ ਦਫਤਰੀ ਅਮਲੇ ਨੇ ਪਿਛਲੇ ਸਾਲ 21 ਨਵੰਬਰ 2025 ਨੂੰ ਭਲਾਈ ਵਿਭਾਗ ਦੀ ਰੋਸਟਰ ਚੈਕਿੰਗ ਟੀਮ ਨੰਬਰ 22 ਤੋਂ ਪਿਛਲੇ 12 ਸਾਲਾਂ ਦਾ ਪੜਤਾਲਿਆ ਰਿਕਾਰਡ ਐਸ.ਸੀ.ਕਮਿਸ਼ਨ ਦੇ ਦਫਤਰ ਵਿਖੇ 27 ਨਵੰਬਰ ਨੂੰ ਪੇਸ਼ ਕੀਤਾ ਸੀ।

ਮੁੱਢਲੀ ਪੜਤਾਲ ਵਿੱਚ ਸਾਹਮਣੇ ਆਇਆ ਹੈ ਕਿ ਪੇਸ਼ ਕੀਤੇ ਰਿਕ-ਾਰਡ ਵਿੱਚ ਰਾਖਵਾਂਕਰਨ ਨੀਤੀ ਨੂੰ ਬਿਲਕੁਲ ਵੀ ਲਾਗੂ ਨਹੀਂ ਕੀਤਾ ਗਿਆ ਸੀ। ਚੇਅਰਮੈਨ ਗੜ੍ਹੀ ਵੱਲੋਂ ਇਸ ਰਿਕਾਰਡ ਨੂੰ ਰੋਸਟਰ ਮਾਹਿਰਾਂ ਤੋਂ ਚੈੱਕ ਕਰਵਾਉਣ ਉਪਰੰਤ ਪਾਇਆ ਗਿਆ ਕਿ ਪੇਸ਼ ਰਿਕਾਰਡ ਵਿੱਚ 1 ਅੰਗਹੀਣ ਅਤੇ 8 ਆਮ ਵਰਗ ਦੇ ਕਰਮਚਾਰੀ ਕਰਮਚਾਰੀਆਂ ਨੂੰ ਅਨੁਸੂਚਿਤ ਜਾਤੀ ਕਰਮਚਾਰੀਆਂ ਦੇ ਤੌਰ ’ਤੇ



ਦਰਸਾਇਆ ਗਿਆ ਹੈ। ਇਸ ਤੋਂ ਇਲਾਵਾ ਇਸ ਸਮੇਂ ਦੌਰਾਨ ਤਰੱਕੀ ਪ੍ਰਾਪਤ ਕਰਨ ਵਾਲੇ 19 ਆਮ ਵਰਗ ਦੇ ਕਰਮਚਾਰੀਆਂ ਨਾਲ ਸਬੰਧਤ ਵੇਰਵੇ ਵੀ ਰਿਕਾਰਡ ਵਿੱਚੋਂ ਗਾਇਬ ਹਨ।

ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਪੇਸ਼ ਰਿਕਾਰਡ ਵਿੱਚ ਕੁੱਲ 374 ਕਰਮਚਾਰੀਆਂ ਦੀਆਂ ਤਰੱਕੀਆਂ ਵਿੱਚ ਐਸ.ਸੀ. ਕਰਮਚਾਰੀਆਂ ਲਈ 20 ਫੀਸਦ ਰਾਖਵੇਂਕਰਨ ਤਹਿਤ 75 ਆਸਾਮੀਆਂ ਦਰਸਾਈਆਂ ਗਈਆਂ ਹਨ। ਪਰ ਇਨ੍ਹਾਂ ਵਿਚੋਂ 69 ਰਾਖਵੀਆਂ ਆਸਾਮੀਆਂ ’ਤੇ ਆਮ ਵਰਗ ਦੇ ਕਰਮਚਾਰੀ ਪਾਏ ਗਏ, ਜੋ ਨਿਯਮਾਂ ਨੂੰ ਛਿੱਕੇ ਟੰਗੇ ਜਾਣ ਦਾ ਪ੍ਰਤੱਖ ਪ੍ਰਮਾਣ ਹੈ ।

ਚੇਅਰਮੈਨ ਗੜੀ ਨੇ ਸਬੰਧਤ ਵਿਭਾਗ ਦੇ ਰਿਕਾਰਡ ਦੀ ਜਾਂਚ ਕਰਦਿਆਂ ਪਾਇਆ ਕਿ ਐਸ.ਸੀ. ਵਰਗ ਦੇ ਕਰਮਚਾਰੀਆਂ ਲਈ ਤਰੱਕੀਆਂ ਵਿੱਚ 20 ਫੀਸਦ ਰਾਖਵੇਂਕਰਨ ਦੀ ਰਿਜ਼ਰਵੇਸ਼ਨ ਨੀਤੀ ਦੇ ਨਾਲ-ਨਾਲ ਸੀਨੀਆਰਤਾ-ਕਮ-ਮੈਰਿਟ ਵਿੱਚ ਵੀ ਘੋਰ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਮੇਂ-ਸਮੇਂ ’ਤੇ ਮਾਨਯੋਗ ਅਦਾਲਤਾਂ ਵੱਲੋਂ ਦਿੱਤੇ ਫ਼ੈਸਲਿਆਂ, ਭਲਾਈ ਵਿਭਾਗ ਦੇ ਜਾਰੀ ਪੱਤਰਾਂ ਅਤੇ ਰਿਜ਼ਰਵੇਸ਼ਨ ਐਕਟ 2006 ਤੇ 2018 ਨੂੰ ਵੀ ਦਰ-ਕਿਨਾਰ ਕੀਤਾ ਗਿਆ ।

ਇਨ੍ਹਾਂ ਬੇਨਿਯਮੀਆਂ ਦਾ ਨੋਟਿਸ ਲੈਂਦਿਆਂ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜੀ ਨੇ 29 ਅਪ੍ਰੈਲ ਨੂੰ ਰੋਸਟਰ ਚੈਕਿੰਗ ਟੀਮ ਨੰਬਰ -22 ਦੇ ਵਿਸ਼ਵਾ ਨਾਥ ( ਸੁਪਰਡੈਂਟ) , ਰੇਸ਼ਮ ਸਿੰਘ ( ਸੁਪਰਡੈਂਟ) , ਗਗਨਦੀਪ ਕੌਰ ਸੰਧੂ ( ਸੀਨੀਅਰ ਸਹਾਇਕ) ਅਤੇ ਸਿਹਤ ਵਿਭਾਗ ਦੇ ਤੋਸ਼ਪਿੰਦਰ ਸਿੰਘ ( ਸੁਪਰਡੈਂਟ ) ਨੂੰ ਨਿੱਜੀ ਤੌਰ ’ਤੇ ਕਮਿਸ਼ਨ ਅੱਗੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਵੀ ਮੌਜੂਦ ਰਹਿਣ ਦੇ ਹੁਕਮ ਦਿੱਤੇ ਗਏ ਹਨ। ਐਸ.ਸੀ. ਕਮਿਸ਼ਨ, ਪੰਜਾਬ ਦੇ ਚੇਅਰਮੈਨ ਗੜ੍ਹੀ ਸਾਹਿਬ ਨੇ ਸਖ਼ਤ ਤਾੜਨਾ ਕਰਦਿਆਂ ਕਿਹਾ ,‘‘ਪੰਜਾਬ ਦੇ ਵਿਭਾਗਾਂ ਵਿੱਚ ਸੰਵਿਧਾਨਿਕ ਹੱਕਾਂ ਨਾਲ ਕਿਸੇ ਤਰ੍ਹਾਂ ਦੀਆਂ ਵੀ ਬੇਨਿਯਮੀਆਂ ਜਾਂ ਧੱਕੇਸ਼ਾਹੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ । ਐਸ.ਸੀ. ਵਰਗ ਦੇ ਕਰਮਚਾਰੀਆਂ ਦੇ ਸੰਵਿਧਾਨਿਕ ਹੱਕਾਂ ਨੂੰ ਢਾਹ ਲਾਉਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਤਰ੍ਹਾਂ ਦੀਆਂ ਕੁਤਾਹੀਆਂ ਕਰਨ ਵਾਲੇ ਅਧਿਕਾਰੀਆਂ / ਕਰਮਚਾਰੀਆਂ ਖਿਲਾਫ ਐਸ.ਸੀ./ ਐਸ.ਟੀ. ਅੱਤਿਆਚਾਰ ਰੋਕੂ ਐਕਟ 1989 ਅਤੇ ਪ੍ਰਮੁੱਖ ਸਕੱਤਰ ਪੰਜਾਬ ਜੀ ਦੇ 9 ਜੁਲਾਈ, 2009 ਦੇ ਪੱਤਰ ਅਨੁਸਾਰ ਕਾਰਵਾਈ ਕੀਤੀ ਜਾਵੇਗੀ।’’

ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਲਾਈ ਵਿਭਾਗ ਦੀ ਡਾਇਰੈਕਟਰ ਨੂੰ ਪਿਛਲੇਰੀ ਫੁੱਲ ਕਮਿਸ਼ਨ ਮੀਟਿੰਗ ਦੌਰਾਨ, ਰੋਸਟਰ ਰਜਿਸਟਰ ਕਮੇਟੀਆਂ ਨੂੰ ਵਿਭਾਗ ਵਲੋਂ ਕਾਨੂੰਨੀ ਪੱਖਾਂ ਲਈ ਅਪਡੇਟਡ ਵਰਕਸ਼ਾਪ ਕਰਵਾਉਣ ਲਈ ਨਿਰਦੇਸ਼ ਜਾਰੀ ਕੀਤੇ ਸਨ, ਇਹਨਾਂ ਨਿਰਦੇਸ਼ਾਂ ਦੀ ਪਾਲਣਾ ਬਾਰੇ ਸਮੀਖਿਆ ਵੀ ਕੀਤੀ ਜਾਵੇਗੀ।

# ਸੰਤ ਗੁਰਮੇਲ ਸਿੰਘ ਮੈਮੋਰੀਅਲ ਹਸਪਤਾਲ ਪਿੰਡ ਗੜ੍ਹੀ ਕਾਨੂੰਗੋ ਵਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ 29 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ

**ਨਵਾਂਸ਼ਹਿਰ /ਬਲਾਚੌਰ 22 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ** ) ਸੰਤ ਗੁਰਮੇਲ ਸਿੰਘ ਮੈਮੋਰੀਅਲ ਹਸਪਤਾਲ ਪਿੰਡ ਗੜੀ ਕਾਨੂੰਗੋ ਦੇ ਵਲੋਂ 29 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਮੁਫਤ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਜਾ ਰਿਹਾ ਹੈ ਇਸ ਮੌਕੇ ਡਾਕਟਰ ਪਰਮਜੀਤ ਸਿੰਘ ਨੇ ਦੱਸਿਆ ਹੈ ਕਿ ਇਸ ਕੈਂਪ ਦੇ ਦੌਰਾਨ ਦਿਮਾਗ ਅਤੇ ਰੀੜ੍ਹ ਦੀ ਬਿਮਾਰੀਆਂ ਦੀ ਜਾਂਚ, ਹੱਡੀਆਂ ਅਤੇ ਜੋੜਾਂ ਦੇ ਰੋਗ ਦੀ ਜਾਂਚ, ਅਤੇ ਡਿਜੀਟਲ ਐਕਸਰੇ ਅਤੇ ਸਿਟੀ ਸਕੈਨ, ਜਨਰਲ



ਸਿਹਤ ਜਾਂਚ, ਅਤੇ ਖੂਨ ਦੀ ਜਾਂਚ ਅਤੇ ਈਸੀਜੀ ਫਿਜ਼ਿਓਥਰੈਪੀ ਸਲਾਹ ਇਸ ਪ੍ਰਕਾਰ ਦੀਆਂ ਸਾਰੀਆਂ ਸਹੂਲਤਾਂ ਮੁਫਤ ਵਿੱਚ ਦਿੱਤੀਆਂ ਜਾਣਗੀਆਂ, ਅਤੇ ਉਨ੍ਹਾਂ ਦੱਸਿਆ ਹੈ ਕਿ ਡਾਕਟਰ ਦੀਪਕ ਤਿਆਗੀ ਨਿਊਰੋਸਰਜਰੀ, ਅਤੇ ਡਾਕਟਰ ਵਿਕਰਮਜੀਤ ਸਿੰਘ ਹੱਡੀਆਂ ਦੀ ਬਿਮਾਰੀਆਂ ਸਬੰਧੀ ਚੈੱਕਅਪ ਕਰਨਗੇ, ਜਿਕਰਯੋਗ ਹੈ ਕਿ ਡਾਕਟਰ ਪਰਮਜੀਤ ਸਿੰਘ ਨੇ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਪਹਿਲ ਕੀਤੀ ਹੈ।

# ਬਲਾਚੌਰ ਸਬ ਡਵੀਜ਼ਨ ਵਿੱਚ ਨਕਲੀ ਦੁੱਧ, ਪਨੀਰ ਅਤੇ ਖੋਆ ਵਿੱਕ ਰਿਹਾ ਹੈ ਧਲੱੜੇ ਨਾਲ

**ਨਵਾਂਸ਼ਹਿਰ /ਕਾਠਗੜ੍ਹ 21 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਸਬ ਡਵੀਜ਼ਨ ਵਿੱਚ ਅੱਜ ਕੱਲ ਨਕਲੀ ਦੁੱਧ, ਪਨੀਰ ਅਤੇ ਦਹੀ ਦਾ ਗੋਰਖ ਧੰਦਾ ਪੂਰੇ ਧਲੱੜੇ ਨਾਲ ਰਿਹਾ ਹੈ। ਜਿਸ ਚਰਚਾ ਆਮ ਲੋਕਾਂ ਦੀ ਜ਼ੁਬਾਨ ਤੇ ਪੂਰੇ ਜ਼ੋਰਾਂ ਤੇ ਹੈ ਪਰ ਇਹ ਨਕਲੀ ਦੁੱਧ, ਪਨੀਰ, ਦਹੀ ਅਤੇ ਖੋਆ ਆਦਿ ਬਣਾਅ ਵਾਲੇ ਲੋਕ ਇਹ ਨਹੀ ਸਮਝਦੇ ਕਿ ਇਹੀ ਨਕਲੀ ਚੀਜ਼ਾਂ ਸਾਡੇ ਬੱਚਿਆਂ ਦੇ ਮੂੰਹ ਵਿੱਚ ਵੀ ਪੈ ਸਕਦੀਆਂ ਹਨ ਜਿਸ ਨਾਲ ਇਹਨਾਂ ਨਕਲੀ ਚੀਜਾਂ ਦਾ ਸੇਵਨ ਕਰਨ ਵਾਲੇ ਬੱਚੇ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਕਿ ਮੌਤ ਦੇ ਮੂੰਹ ਵਿੱਚ ਜਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਲਾਕੇ ਦੇ ਵੱਖ ਵੱਖ ਆਗੂਆਂ ਅਤੇ ਸਮਾਜ ਸੇਵਕਾ ਜਿਹਨਾ ਵਿੱਚ ਸੇਵਾ ਮੁਕਤ ਪੁਲਿਸ ਇੰਸਪੈਕਟਰ ਸੁਭਾਸ਼ ਬਾਂਠ ਰੱਤੇਵਾਲ, ਜੱਥੇਦਾਰ ਸੁਰਜੀਤ ਸਿੰਘ ਦੋਭਾਲੀ ਅਤੇ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਨੇ ਦੱਸਿਆ ਕਿ ਇਲਾਕੇ ਦੇ ਸਭ ਤੋਂ ਵੱਡੇ ਰੱਤੇਵਾਲ ਜੋ ਇਲਾਕੇ ਦੇ ਸਾਰੇ ਪਿੰਡਾਂ ਦੇ ਕੇਂਦਰ ਉੱਥੋਂ ਰੋਜ਼ਾਨਾ ਹਜ਼ਾਰਾਂ ਲੀਟਰ ਨਕਲੀ ਦੁੱਧ ਤਿਆਰ ਹੋ ਕਿ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਕੁੱਝ ਖੇਤਰਾਂ ਵਿੱਚ ਇਹ ਦੁੱਧ ਧੜੱਲੇ ਨਾਲ ਸ਼ਰੇਆਮ ਵਿੱਕ ਰਿਹਾ ਹੈ ।ਪਰ ਪਿੰਡਾਂ ਦੇ ਲੋਕ ਇਹ ਸਭ ਕੁਝ ਜਾਣਦੇ ਹੋਏ ਵੀ ਇਹਨਾਂ ਗੈਰ ਸਮਾਜੀ ਅਨਸਰਾਂ ਨੂੰ ਰੋਕ ਕੇ ਪੁੱਛਣ ਦਾ ਉਪਰਾਲਾ ਨਹੀ ਕਰਦੇ ਕਿ ਤੁਸੀਂ ਵੱਡਿਆਂ ਕਮਾਇਆ ਕਰਨ ਦੀ ਨੀਅਤ ਨਾਲ ਨਕਲੀ ਦੁੱਧ, ਪਨੀਰ



**ਵੱਖ-ਵੱਖ ਆਗੂ ਅਤੇ ਸਮਾਜ ਸੇਵੀ ਜਾਣਕਾਰੀ ਦਿੰਦੇ ਹੋਏ ਜਿਨਾਂ ਵਿੱਚ ਸੇਵਾ ਮੁਕਤ ਇੰਸਪੈਕਟਰ ਸੁਭਾਸ਼ ਬਾਂਠ, ਜੱਥੇਦਾਰ ਸੁਰਜੀਤ ਸਿੰਘ ਦੋਭਾਲੀ, ਸੁਰਿੰਦਰ ਸ਼ਿੰਦਾ ਪ੍ਰਧਾਨ ਰੈਲਮਾਜਰਾ।**

ਦਹੀ ਅਤੇ ਖੋਆ ਆਦਿ ਬਣਾਕੇ ਲੋਕਾਂ ਅਤੇ ਛੋਟੇ ਬੱਚਿਆਂ ਦੀ ਜਾਨ ਨਾਲ ਖਿਲਵਾੜ ਕਿਉਂ ਕਰ ਰਹੇ ਹੋ। ਪਰ ਇਹ ਨਕਲੀ ਦੁੱਧ ਕਰਨ ਵਾਲੇ ਲੋਕ ਚੰਦ ਛਿੱਲੜਾ ਖਾਤਰ ਲੋਕਾਂ ਦੀਆਂ ਜ਼ਿੰਦਗੀਆ ਬਰਬਾਦ ਕਰ ਰਹੇ ਹਨ। ਪਰ ਅਣਜਾਣ ਲੋਕ ਇਹਨਾਂ ਦਾ ਨਕਲੀ ਦੁੱਧ ਅਸਲੀ ਸਮਝ ਕੇ ਪੂਰੇ ਪੈਸੇ ਦੇ ਕੇ ਖਰੀਦਦੇ ਹਨ ਅਤੇ ਆਪਣੇ ਬੱਚਿਆਂ ਨੂੰ ਪਿਲਾਉਂਦੇ ਹਨ ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਗੋਰਖ ਧੰਦਾ ਕਰਨ ਵਾਲੇ ਲੋਕ ਯੂਰੀਆ, ਰਿਫਾਇੰਡ ਅਤੇ ਇਜ਼ੀ ਵਰਗੇ ਜਾਣ ਲੇਵਾ ਖਤਰਨਾਕ ਕੈਮੀਕਲਾਂ ਤੋਂ ਇਹ ਨਕਲੀ ਦੁੱਧ ਤਿਆਰ ਕਰਦੇ ਹਨ। ਇੱਥੇ ਇਹੀ ਵੀ ਵਰਨਣਯੋਗ ਹੈ ਪਿੰਡ ਕਿ ਰੱਤੇਵਾਲ ਅਤੇ ਇਸ ਦੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ ਅਤੇ ਪਸ਼ੂਪਾਲਕਾਂ ਦੇ ਕੋਲ ਇਹਨੀਂ ਮਾਤਰਾ ਵਿੱਚ ਦੁੱਧ ਨਹੀਂ ਹੈ ਜਿਹਨੀ ਮਾਤਰਾ ਵਿੱਚ ਇੱਥੋਂ ਗੱਡੀਆਂ ਵਿੱਚ ਦੁੱਧ ਦੀ ਸਪਲਾਈ ਰੋਪੜ੍ਹ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਕੁਝ ਖੇਤਰਾਂ ਵਿੱਚ ਧਲੱੜੇ ਨਾਲ ਬਿਨਾਂ ਕਿਸੇ ਡਰ ਭੈਅ ਤੋਂ ਧੜੱਲੇ ਨਾਲ ਕੀਤੀ ਜਾ ਰਹੀ ਹੈ। ਜਦੋਂ ਸਰਕਾਰੀ ਮਹਿਕਮੇ ਦਾ ਪੱਖ ਜਾਣਨ ਲਈ ਮੈਡਮ ਹਰਪ੍ਰੀਤ ਕੌਰ ਸਹਾਇਕ ਕਮਿਸ਼ਨਰ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਇਸ ਗੋਰਖ ਧੰਦੇ ਵਿੱਚ ਸ਼ਾਮਿਲ ਲੋਕਾਂ ਸਬੰਧੀ ਸਾਨੂੰ ਕੁਝ ਕੁ ਜਾਣਕਾਰੀ ਮਿਲੀ ਸੀ ਅਤੇ ਇਸ ਗੋਰਖ ਧੰਦੇ ਨੂੰ ਬੇਨਕਾਬ ਕਰਕੇ ਅਸਲ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਸਾਡੇ ਮਹਿਕਮੇ ਵਲੋਂ ਅਧਿਕਾਰੀਆਂ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਇਹਨਾਂ ਨਕਲੀ ਦੁੱਧ ਕਰਨ ਵਾਲੇ ਦੋਸ਼ੀਆਂ ਨੂੰ ਪਕੜਨ ਲਈ ਸਖਤ ਡਿਊਟੀ ਲਗਾਈ ਗਈ ਹੈ ਤਾਂ ਪਤਾ ਲੱਗ ਕਿ ਭੋਲੇ ਭਾਲੇ ਲੋਕਾਂ ਦੀਆਂ ਜਿੰਦਗੀਆਂ ਨੂੰ ਬਰਬਾਦ ਕਰਨ ਵਾਲਾ ਗੋਰਖ ਧੰਦਾ ਕਿਸ ਵਲੋਂ ਅਤੇ ਕਿੱਥੇ ਚਲਾਇਆ ਜਾਂ ਰਿਹਾ ਹੈ। ਉਪਰੋਕਤ ਆਗੂਆਂ ਅਤੇ ਪਿੰਡਾਂ ਦੇ ਲੋਕਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿੱਥੇ ਕਿਤੇ ਵੀ ਨਕਲੀ ਦੁੱਧ ਪਨੀਰ ਅਤੇ ਖੋਆ ਬਣਾਉਣ ਆਦਿ ਧੰਦੇ ਦਾ ਜਿਸ ਨੂੰ ਵੀ ਪਤਾ ਹੈ ਤਾਂ ਸਾਰੇ ਲੋਕ ਇਹਨਾਂ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਡੱਟਕੇ ਖੜ੍ਹਨ ਤਾਂ ਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਿਆਨਕ ਬੀਮਾਰੀਆਂ ਤੋਂ ਬਚਾ ਸਕੀਏ।

# ਮਰਹੂਮ ਗਾਇਕ ਗੋਰਡ ਡਾਊਨੀ ਨੂੰ ਨਿਵੇਕਲੇ ਢੰਗ ਨਾਲ ਦਿੱਤੀ ਸ਼ਰਧਾਂਜਲੀ

**ਵੈਨਕੂਵਰ, 21 ਅਪ੍ਰੈਲ (ਮਲਕੀਤ ਸਿੰਘ) –** ਕੈਨੇਡਾ ਦੇ ਕਿੰਗਸਟਨ ਸ਼ਹਿਰ ਨਾਲ ਸੰਬੰਧਿਤ ਇੱਕ ਵਿਅਕਤੀ ਵੱਲੋਂ ਬੋਸਟਨ ਮੈਰਾਥਨ ਦੌਰਾਨ ਮਰਹੂਮ ਗਾਇਕ ਗੋਰਡ ਡਾਊਨੀ ਨੂੰ ਵਿਲੱਖਣ ਢੰਗ ਨਾਲ ਸ਼ਰਧਾਂਜਲੀ ਭੇਟ ਕੀਤੀ ਗਈ, ਜੋ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਫਾਇਰਫਾਈਟਰ ਜੋਸਫ ਰੀਡ ਨੇ ਇਸ ਦੌੜ ਦੌਰਾਨ ਉਸੇ ਤਰ੍ਹਾਂ ਦਾ ਪਹਿਰਾਵਾ ਪਹਿਨਿਆ ਜੋ ਕੈਨੇਡਾ ਦੇ ਪ੍ਰਸਿੱਧ ਗਾਇਕ ਗੋਰਡ ਡਾਊਨੀ ਪਹਿਨਦੇ ਸਨ। ਇਸ ਤਰੀਕੇ ਨਾਲ ਉਸਨੇ ਮਰਹੂਮ ਕਲਾਕਾਰ ਨੂੰ ਯਾਦ ਕੀਤਾ ਅਤੇ ਆਪਣੀ ਸ਼ਰਧਾਂਜਲੀ ਪ੍ਰਗਟ ਕੀਤੀ। ਜੋਸਫ ਰੀਡ ਦਾ ਕਹਿਣਾ ਹੈ ਕਿ ਉਹ ਆਪਣੇ ਆਪ ਨੂੰ ਕੋਈ ਵੱਡਾ ਦੌੜਾਕ ਨਹੀਂ ਮੰਨਦਾ, ਪਰ ਇਸ ਮੈਰਾਥਨ ਵਿੱਚ ਭਾਗ ਲੈਣਾ ਉਸ ਲਈ ਇੱਕ ਖਾਸ ਮੌਕਾ ਸੀ। ਉਸਨੇ ਦੱਸਿਆ ਕਿ ਇਹ ਦੌੜ ਉਸ ਲਈ ਸਿਰਫ਼ ਇੱਕ ਖੇਡ ਨਹੀਂ, ਸਗੋਂ ਇੱਕ ਯਾਦਗਾਰ ਅਤੇ ਭਾਵਨਾਤਮਕ ਯਾਤਰਾ ਸੀ।



**ਬੋਸਟਨ ਮੈਰਾਥਨ ਦੌਰਾਨ ਗੋਰਡ ਡਾਊਨੀ ਨੂੰ ਸ਼ਰਧਾਂਜਲੀ ਦੇਣ ਲਈ ਵਿਸ਼ੇਸ਼ ਪਹਿਰਾਵੇ ਵਿੱਚ ਦੌੜਦਾ ਜੋਸਫ ਰੀਡ।**

# 'ਕੈਨੇਡਾ ਟੈਬਲਲੋਇਡ' ਮੈਗਜ਼ੀਨ ਦੇ ਵਿਸਾਖੀ ਅੰਕ ਦਾ ਰਿਲੀਜ ਸਮਾਰੋਹ ਆਯੋਜਿਤ

## ਕਈ ਨਾਮਵਾਰ ਹਸਤੀਆਂ ਨੇ ਭਰੀ ਹਾਜ਼ਰੀ

**ਵੈਨਕੂਵਰ, ਅਪ੍ਰੈਲ (ਮਲਕੀਤ ਸਿੰਘ)** ਕੈਨੇਡਾ ਟੈਬਲੋਇਡ' ਮੈਗਜ਼ੀਨ ਦਾ ਅਪ੍ਰੈਲ 2026 ਵੈਸਾਖੀ ਵਿਸ਼ੇਸ਼ ਅੰਕ ਰਿਲੀਜ਼ ਕਰਨ ਦੇ ਸੰਬੰਧ ਵਿੱਚ ਰਿਫਲੈਕਸ਼ਨ ਬੈਕੁੱਟ ਹਾਲ ਚ ਆਯੋਜਿਤ ਕੀਤੇ ਇੱਕ ਸਮਾਗਮ ਵਿੱਚ ਵੱਖ-ਵੱਖ ਸਿਆਸੀ ਅਤੇ ਸਮਾਜਿਕ ਸ਼ਖਸ਼ੀਅਤਾ ਤੋ ਇਲਾਵਾ ਵੀ ਮੀਡੀਆ ਨਾਲ ਜੁੜੀਆਂ ਹਸਤੀਆਂ ਨੇ ਸਿਰਕਤ ਕੀਤੀ

ਇਸ ਮੌਕੇ ਤੇ ਹਾਜ਼ਰ ਪ੍ਰਮੁੱਖ ਸਿਆਸੀ ਸ਼ਖਸੀਅਤਾਂ ਚ ਸਰੀ ਨਿਊਟਨ ਤੋਂ ਪੰਜਾਬੀ ਸਾਂਸਦ ਸੁੱਖ ਧਾਲੀਵਾਲ,ਮੰਤਰੀ ਜਗਰੂਪ ਬਰਾੜ, ਮੇਅਰ ਬਰੈਂਡਾ ਲੌਕ, ਵਿਧਾਇਕ ਸਟੀਵ ਕੂਲਰ,ਵਿਧਾਇਕ ਪੀਟਰ ਮਿਲੋਬਰ,


**ਸਮਾਗਮ ਚ ਪੁਜੇ ਮਹਿਮਾਨਾਂ ਦੀ ਇੱਕ ਸਾਂਝੀ ਤਸਵੀਰ**

ਲਿਡਾ ਐਨਸ,ਮਛੇਲ ਬੋਸ, ਮਾਈਕ ਸਟਾਰਚੁੱਕ,ਕੌਂਸਲਰ ਜੱਸੀ ਜੌਹਲ,ਜੈਸੀ ਦੁਸਾਂਝ ਆਦਿ ਦੇ ਨਾਮ ਜ਼ਿਕਰਯੋਗ ਸਨ। ਇਸ ਸਮਾਗਮ ਵਿੱਚ ਹਾਜ਼ਰ ਮੀਡੀਆ ਅਤੇ ਸਮਾਜਕ ਹਸਤੀਆਂ ਚ ਸੁਖਵਿੰਦਰ ਸਿੰਘ ਚੋਹਲਾ, ਅੰਮ੍ਰਿਤਪਾਲ ਸਿੰਘ ਢੋਟ, ਹਰਪ੍ਰੀਤ ਕੌਰ ਜੋਸ਼ਨ,ਸੀ ਜੇ ਸਿੱਧੂ, ਡਾ ਸੰਦੀਪ ਸਿੰਘ ਦੇ ਨਾਮ ਜ਼ਿਕਰਯੋਗ ਹਨ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਹਰਪ੍ਰੀਤ ਸਿੰਘ ਮਨਕ-ਟਾਲਾ, ਗਗਨ ਨਾਹਲ, ਜਗਦੀਪ ਕੈਲੇ, ਵਿਸ਼ੂ ਮਹਿਤਾ, ਜਿੰਮੀ ਜੋਸ਼ੀ ਅਤੇ ਸਤਵੀਰ ਕੌਰ ਜੱਸੜ ਹਾਜ਼ਰ ਸਨ। ਅਖੀਰ ਮੈਗਜ਼ੀਨ ਦੇ ਮੁੱਖ ਸੰਪਾਦਕ ਜਸਵਿੰਦਰ ਸਿੰਘ ਦਿਲਾਵਰੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਮਾਜ ਭਲਾਈ ਕਾਰਜਾ ਦੀ ਮਿਸਾਲ : ਸਬ ਇੰਸਪੈਕਟਰ ਦਲਜੀਤ ਸਿੰਘ ਗੋਰਾਇਆ

**ਵੈਨਕੂਵਰ, (ਮਲਕੀਤ ਸਿੰਘ)**–ਜਿੱਥੇ ਕਿ ਇੱਕ ਪਾਸੇ ਕੁਝ ਕੁ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੀਆਂ ਜਾਂਦੀਆਂ 'ਆਪਹੁਦਰੀਆਂ' ਸਮੁੱਚੇ ਪੁਲਿਸ ਵਿਭਾਗ ਦੇ ਅਕਸ ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ, ਉੱਥੇ ਹੀ ਪੰਜਾਬ ਪੁਲਿਸ ਦੇ ਕੁਝ ਸੂਝਵਾਨ ਅਫਸਰਾਂ ਅਤੇ ਮੁਲਾਜ਼ਮਾਂ ਵੱਲੋਂ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੇ ਨਾਲ ਸਮਾਜ ਭਲਾਈ ਦੇ ਕਾਰਜਾਂ ਚ ਯੋਗਦਾਨ ਪਾ ਕੇ ਜਿੱਥੇ ਕਿ ਪੁਲਿਸ ਵਿਭਾਗ ਦਾ ਨਾਮ ਰੋਸ਼ਨ ਕੀਤਾ ਜਾਂਦਾ ਹੈ ਉੱਥੇ ਉਹਨਾਂ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾਂਦੇ ਸ਼ਲਾਘਾਯੋਗ ਉਪਰਾਲੇ ਸਮੁੱਚੇ ਸਮਾਜ ਲਈ ਪ੍ਰੇਰਨਾ ਦਾ ਸਰੋਤ ਵੀ ਬਣਦੇ ਹਨ

ਕੁਝ ਇਸ ਤਰ੍ਹਾਂ ਦੇ ਸਮਾਜ ਸੇਵੀ ਕਾਰਜਾਂ ਲਈ ਲਗਾਤਾਰ ਕਾਰਜਸ਼ੀਲ ਹਨ ਪੰਜਾਬ ਪੁਲਿਸ ਦੇ ਅੰਮ੍ਰਿਤਸਰ ਟਰੈਫਿਕ ਵਿੰਗ ਵਿੱਚ ਬਤੌਰ ਇੰਚਾਰਜ ਡਿਊਟੀ ਨਿਭਾ ਰਹੇ ਸਬ ਇੰਸਪੈਕਟਰ ਦਲਜੀਤ ਸਿੰਘ ਗੋਰਾਇਆ

1987 ਚ ਪੰਜਾਬ ਪੁਲਿਸ ਭਰਤੀ ਹੋਏ ਜਿਲਾ ਗੁਰ-ਦਾਸਪੁਰ ਦੇ ਪਿੰਡ ਫੈਜ਼ੁਲਾ ਚੱਕ ਦੇ ਵਸਨੀਕ ਸਬ ਇੰਸਪੈਕਟਰ ਦਲਜੀਤ ਸਿੰਘ ਗੋਰਾਇਆ ਵੱਲੋਂ ਆਪਣੇ ਸਾਥੀਆਂ ਸਮੇਤ ਸਮਾਜ ਭਲਾਈ ਕਾਰਜਾਂ ਦੀ ਮੁਢਲੀ ਸ਼ੁਰੂਆਤ ਕਰੋਨਾ ਕਾਲ ਦੌਰਾਨ ਆਰੰਭੀ ਗਈ ਜਦੋਂ ਇਸ ਭਿਆਨਕ ਦੌਰ ਦੌਰਾਨ ਉਹਨਾਂ ਵੱਲੋਂ ਆਪਣੇ ਸਾਥੀ ਮੁਲਾਜ਼ਮਾਂ ਨਾਲ ਮਿਲ ਕੇ ਭੁੱਖੇ ਰਹਿ ਰਹੇ ਪਰਿਵਾਰਾਂ ਨੂੰ ਰਾਸ਼ਨ ਮੁਹਈਆ ਕਰਵਾਇਆ ਗਿਆ ਇਸੇ ਹੀ ਭਿਆਨਕ ਦੌਰ ਦੌਰਾਨ ਉਨਾਂ ਵੱਲੋਂ ਅੰਮ੍ਰਿਤਸਰ ਚ ਲਵਾਰਸ ਹਾਲਤ ਚ ਮਿਲੀਆਂ 8 ਲਾਸ਼ਾਂ ਦੇ ਅੰਤਿਮ ਸੰਸਕਾਰ ਵੀ ਕਰਵਾਏ ਗਏ


**ਸਬ ਇੰਸਪੈਕਟਰ ਦਲਜੀਤ ਸਿੰਘ ਗੁਰਾਇਆ ਦੀ ਪ੍ਰਮੋਸ਼ਨ ਕਰਦੇ ਹੋਏ ਡੀਜੀਪੀ ਸ੍ਰੀ ਗੌਰਵ ਯਾਦਵ।**

ਕਰੋਨਾ ਕਾਲ ਖਤਮ ਹੋਣ ਤੋਂ ਬਾਅਦ ਵੀ ਉਹਨਾਂ ਵੱਲੋਂ ਅਜਿਹੇ ਸਮਾਜ ਭਲਾਈ ਦੇ ਕਾਰਜ ਜਾਰੀ ਰੱਖਦਿਆਂ ਲੋੜਵੰਦ ਬੱਚਿਆਂ ਨੂੰ ਕਾਪੀਆਂ ਪੈਨਸ਼ਲਾ ਵੰਡਣ ਦਾ ਸਿਲਸਿਲਾ ਆਰੰਭਿਆ ਗਿਆ ਅਤੇ ਨਾਲ ਦੀ ਨਾਲ ਕੁਝ ਗਰੀਬ ਪਰਿਵਾਰਾਂ ਨਾਲ ਸੰਬੰਧਿਤ 98 ਲੜਕੀਆਂ ਦੇ ਅਨੰਦ ਕਾਰਜ ਕਰਵਾਉਣ ਚ ਉਹਨਾਂ ਦੇ ਮਾਪਿਆ ਦੀ ਆਰਥਿਕ ਸਹਾਇਤਾ ਕੀਤੀ ਅਤੇ 200 ਤੋਂ ਦੇ ਕਰੀਬ ਅੱਖਾਂ ਦੇ ਮਰੀਜ਼ਾਂ ਦੇ ਆਪਰੇਸ਼ਨ ਕਰਵਾਏ ਇਸ ਦੌਰਾਨ ਕੁਝ ਅੰਗਹੀਣ ਲੋਕਾਂ ਨੂੰ ਬਨਾਉਟੀ ਅੰਗ ਮੁਹਾਈਆ ਕਰਵਾਉਣ ਚ ਉਹਨਾਂ ਦੀ ਮਦਦ ਕੀਤੀ ਉਹਨਾਂ ਇਹ ਵੀ ਦੱਸਿਆ ਕਿ ਨਸ਼ਿਆਂ ਦੀ ਭੈੜੀ ਦਲਦਲ ਤੋਂ ਬਾਹਰ ਆ ਚੁੱਕੇ 50 ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ ਰੁਜਗਾਰ ਲਈ ਉਹਨਾਂ ਦੀ ਟੀਮ ਵੱਲੋਂ ਆਰਥਿਕ ਸਹਾਇਤਾ ਵੀ ਕੀਤੀ ਜਾ ਚੁੱਕੀ ਹੈ ਉਹਨਾਂ ਇਹ ਵੀ ਦੱਸਿਆ ਕਿ ਟਰੈਫਿਕ ਡਿਊਟੀ ਦੌਰਾਨ ਦੋਪਹੀਆ ਵਾਹਨਾ ਦੇ ਰਾਹਗੀਰਾਂ ਨੂੰ ਹੈਲਮਟ ਵੰਡਣ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਰਾਹਗੀਰਾਂ ਨੂੰ ਗੁਲਾਬ ਦੇ ਫੁੱਲਾਂ ਨਾਲ ਨਵਾਜੇ ਜਾਣ ਦੀ ਵੀ ਇੱਕ ਨਵੇਕਲੀ ਪਿਰਤ ਆਰੰਭੀ ਗਈ ਹੈ

ਅਖੀਰ ਚ ਦਲਜੀਤ ਸਿੰਘ ਗੁਰਾਇਆ ਨੇ ਦੱਸਿਆ ਕਿ ਉਹਨਾਂ ਨੂੰ ਸਮਾਜ ਭਲਾਈ ਕਾਰਜਾਂ ਸਦਕਾ ਮਾਨਯੋਗ ਸ਼੍ਰੀ ਗੌਰਵ ਯਾਦਵ ਡੀਜੀਪੀ ਪੰਜਾਬ, ਟਰੈਫਿਕ ਵਿੰਗ ਦੇ ਡੀਜੀਪੀ ਏ ਐਸ ਰਾਏ ਤੋਂ ਇਲ-ਾਵਾ ਹੁਣ ਤੱਕ ਪੰਜਾਬ ਪੁਲਿਸ ਦੇ ਕਈ ਸੀਨੀਅਰ ਅਫਸਰਾਂ ਤੋਂ ਇਲਾਵਾ ਕੇਂਦਰ ਸਰਕਾਰ, ਉੱਤਰਾਖੰਡ, ਯੂਪੀ, ਹਿਮਾਚਲ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਸੂਬਾਈ ਸਰਕਾਰਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਲੈਸਟਰ ਦੀ ਮਾਂ ਅਤੇ ਬ੍ਰਿਟਿਸ਼ ਨਾਬਾਲਗ ਬੱਚੇ ਨੂੰ ਹੋਸ਼ਿਆਰਪੁਰ ਪੁਲਿਸ ਵੱਲੋਂ ਘੰਟਿਆਂ ਬਿਠਾ ਕੇ ਰੱਖਿਆ - ਪਰਿਵਾਰ ਦਾ ਦੋਸ਼: ਝੂਠਾ ਮਾਮਲਾ ਦਰਜ

**ਸਮਾਜ ਵੀਕਲੀ ਯੂ ਕੇ**
**ਲੈਸਟਰ / ਬ੍ਰਿਸਟਲ / ਲੰਡਨ / ਹੋਸ਼ਿਆਰਪੁਰ**

ਲੈਸਟਰ ਵਿੱਚ ਰਹਿਣ ਵਾਲੀ ਸ਼੍ਰੀਮਤੀ ਅਲਕਾ ਰਾਣੀ ਅਤੇ ਉਸਦੇ ਨਾਬਾਲਗ ਬ੍ਰਿਟਿਸ਼ ਨਾਗਰਿਕ ਪੁੱਤਰ ਨਾਲ ਸੰਬੰਧਿਤ ਮਾਮਲੇ ਨੇ ਯੂਕੇ ਵਿੱਚ ਰਹਿੰਦੀ ਪੰਜਾਬੀ ਕਮਿਊਨਿਟੀ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਦੋਵੇਂ ਇਸ ਸਮੇਂ ਪੰਜਾਬ ਦੇ ਸ਼ਹਿਰ ਹੋਸ਼ਿਆਰਪੁਰ ਵਿੱਚ ਇੱਕ ਪੁਲਿਸ ਮਾਮਲੇ ਕਾਰਨ ਪਰੇਸ਼ਾਨੀ ਦਾ ਸਾਹ-ਮਣਾ ਕਰ ਰਹੇ ਹਨ।

ਸ਼੍ਰੀਮਤੀ ਅਲਕਾ ਰਾਣੀ ਆਪਣੇ ਪੁੱਤਰ ਨਾਲ ਈਸਟਰ ਦੀਆਂ ਛੁੱਟੀਆਂ ਦੌਰਾਨ ਪਰਿਵਾਰ ਨੂੰ ਮਿਲਣ ਲਈ ਭਾਰਤ ਆਈ ਸੀ। ਉਹਨਾਂ ਦੀ ਯੂਕੇ ਵਾਪਸੀ ਲਈ 25 ਅਪ੍ਰੈਲ ਦੀ ਫਲਾਈਟ ਪਹਿਲਾਂ ਹੀ ਬੁੱਕ ਕੀਤੀ ਹੋਈ ਹੈ।

ਇਸ ਦੌਰੇ ਦੌਰਾਨ ਪਰਿਵਾਰ ਦੇ ਹੋਰ ਮੈਂਬਰ ਵੀ ਯੂਕੇ ਤੋਂ ਪੰਜਾਬ ਆਏ ਹੋਏ ਸਨ। ਅਲਕਾ ਰਾਣੀ ਦਾ ਭਰਾ ਅਤੇ ਉਸਦਾ ਪਰਿਵਾਰ, ਜੋ ਯੂਕੇ ਦੇ ਬ੍ਰਿਸਟਲ ਸ਼ਹਿਰ ਤੋਂ ਆਏ ਹੋਏ ਸਨ, ਵੀ ਪਰਿਵਾਰ ਨਾਲ ਛੁੱਟੀਆਂ ਬਿਤਾਉਣ ਲਈ ਹੋਸ਼ਿਆਰਪੁਰ ਵਿੱਚ ਮੌਜੂਦ ਹਨ।

ਮਿਲੀ ਜਾਣਕਾਰੀ ਅਨੁਸਾਰ ਅਲਕਾ ਰਾਣੀ ਦੇ ਜੀਜਾ ਜੀ ਸ੍ਰੀ ਯੋਗੇਸ਼ ਅਰੋੜਾ, ਜੋ PTC ਨਿਊਜ਼ ਨਾਲ ਪੱਤਰਕਾਰ ਵਜੋਂ ਕੰਮ ਕਰਦੇ ਹਨ, ਨੂੰ 17 ਅਪ੍ਰੈਲ 2026 ਦੀ ਸ਼ਾਮ ਮਾਡਲ ਟਾਊਨ ਪੁਲਿਸ ਸਟੇਸ਼ਨ ਹੋਸ਼ਿਆਰਪੁਰ ਬੁਲਾਇਆ ਗਿਆ। ਇਸ ਤੋਂ ਬਾਅਦ ਪੁਲਿਸ ਉਸ ਘਰ ਵਿੱਚ ਵੀ ਪਹੁੰਚੀ ਜਿੱਥੇ ਸ਼੍ਰੀਮਤੀ ਅਲਕਾ ਰਾਣੀ ਆਪਣੀ ਭੈਣ ਅਤੇ ਜੀਜਾ ਜੀ ਦੇ ਘਰ ਰਹਿ ਰਹੀ ਸੀ ਅਤੇ ਅਲਕਾ ਰਾਣੀ ਅਤੇ ਉਸਦੇ ਨਾਬਾਲਗ ਪੁੱਤਰ ਨੂੰ ਪੁਲਿਸ ਸਟੇਸ਼ਨ ਲੈ ਗਿਆ।

ਪਰਿਵਾਰ ਦੇ ਅਨੁਸਾਰ ਪੁਲਿਸ ਵੱਲੋਂ ਦੋਵਾਂ ਨੂੰ ਕਈ ਘੰਟਿਆਂ ਲਈ ਥਾਣੇ ਵਿੱਚ ਬਿਠਾ ਕੇ ਰੱਖਿਆ ਗਿਆ। ਉਸ ਸਮੇਂ ਬੱਚੇ ਨੂੰ ਲਗਭਗ 103 ਡਿਗਰੀ ਤੱਕ ਤੇਜ਼ ਬੁਖਾਰ ਸੀ, ਜਿਸ ਕਾਰਨ ਪਰਿਵਾਰ ਵਿੱਚ ਗੰਭੀਰ ਚਿੰਤਾ ਪੈਦਾ ਹੋ ਗਈ।

ਬਾਅਦ ਵਿੱਚ ਮਾਡਲ ਟਾਊਨ ਪੁਲਿਸ ਸਟੇਸ਼ਨ ਹੋਸ਼ਿਆਰਪੁਰ ਵਿੱਚ ਐਫਆਈਆਰ ਨੰਬਰ 47 ਦਰਜ ਕੀਤੀ ਗਈ ਜਿਸ ਵਿੱਚ ਸ਼ਰਾਬ ਵੇਚਣ ਦੇ ਦੋਸ਼ ਲਗਾਏ ਗਏ ਹਨ ਅਤੇ ਇਸ ਵਿੱਚ ਅਲਕਾ ਰਾਣੀ ਦਾ ਨਾਮ ਵੀ ਸ਼ਾਮਲ ਕਰ ਦਿੱਤਾ ਗਿਆ। ਪਰਿਵਾਰ ਅਤੇ ਕਮਿਊਨਿਟੀ ਆਗੂਆਂ ਦਾ ਕਹਿਣਾ ਹੈ ਕਿ ਇਹ ਮਾਮਲਾ ਝੂਠਾ ਅਤੇ ਘੜਿਆ ਹੋਇਆ ਲੱਗਦਾ ਹੈ ਕਿਉਂਕਿ ਅਲਕਾ ਰਾਣੀ ਦਾ ਇਸ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ ਅਤੇ ਉਹ ਸਿਰਫ਼ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਉੱਥੇ ਮੌਜੂਦ ਸੀ।



ਇੰਡਿਆਨ ਵਰਕਰਜ਼ ਐਸੋਸੀਏਸ਼ਨ ਮੁਤਾਬਕ ਪੁਲਿਸ ਵੱਲੋਂ ਅਲਕਾ ਰਾਣੀ ਦਾ ਪਾਸਪੋਰਟ ਅਤੇ ਉਸਦਾ ਨਿੱਜੀ ਸਮਾਨ ਵੀ ਆਪਣੇ ਕਬਜ਼ੇ ਵਿੱਚ ਲਿਆ ਗਿਆ ਹੈ। ਇਸ ਵਿੱਚ ਲਗਭਗ £5,500 ਪੌਂਡ ਨਕਦ, ₹350,000 ਭਾਰਤੀ ਰੁਪਏ ਨਕਦ ਅਤੇ ਸੋਨੇ ਦੇ ਗਹਿਣੇ ਸ਼ਾਮਲ ਹਨ।

ਇਸ ਤੋਂ ਇਲਾਵਾ ਘਰ ਵਿੱਚ ਹੋਰ ਪਰਿਵਾਰਕ ਰਕਮ ਲਗਭਗ ₹4,000,000 (ਚਾਲੀ ਲੱਖ ਰੁਪਏ) ਨਕਦ ਅਤੇ ਸੋਨੇ ਦੇ ਗਹਿਣੇ ਵੀ ਮੌਜੂਦ ਸਨ, ਕਿਉਂਕਿ ਪਰਿਵਾਰ ਹੋਸ਼ਿਆਰਪੁਰ ਵਿੱਚ ਆਪਣੀ ਮਾਤਾ ਲਈ ਇੱਕ ਛੋਟਾ ਘਰ ਖਰੀਦਣ ਬਾਰੇ ਗੱਲਬਾਤ ਕਰ ਰਿਹਾ ਸੀ।

ਕਮਿਊਨਿਟੀ ਆਗੂਆਂ ਦਾ ਕਹਿਣਾ ਹੈ ਕਿ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜੇ ਕੋਈ ਵਿਅਕਤੀ ਸਿਰਫ਼ ਰਿਸ਼ਤੇਦਾਰਾਂ ਨੂੰ ਮਿਲਣ ਲਈ ਘਰ ਵਿੱਚ ਮੌਜੂਦ ਹੋਵੇ ਤਾਂ ਉਸਦਾ ਨਾਮ ਵੀ ਪੁਲਿਸ ਮਾਮਲੇ ਵਿੱਚ ਸ਼ਾਮਲ ਕਰ ਦਿੱਤਾ ਜਾਵੇ।

ਖੁਸ਼ਕਿਸਮਤੀ ਨਾਲ ਉਸਦਾ ਭਰਾ ਅਤੇ ਉਸਦਾ ਪਰਿਵਾਰ, ਜੋ ਯੂਕੇ ਦੇ ਬ੍ਰਿਸਟਲ ਸ਼ਹਿਰ ਤੋਂ ਆਏ ਹੋਏ ਸਨ, ਉਸ ਸਮੇਂ ਘਰ ਵਿੱਚ ਮੌਜੂਦ ਨਹੀਂ ਸਨ। ਨਹੀਂ ਤਾਂ ਸੰਭਵ ਸੀ ਕਿ ਉਹ ਵੀ ਇਸੇ ਤਰ੍ਹਾਂ ਦੇ ਮਾਮਲੇ ਵਿੱਚ ਫਸ ਜਾਂਦੇ ਅਤੇ ਇੱਕ ਹੋਰ ਐਨਆਰਆਈ ਪਰਿਵਾਰ ਨੂੰ ਬੇਵਜ੍ਹਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ।

ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇਸ ਮਾਮਲੇ ਬਾਰੇ ਯੂਕੇ ਅਤੇ ਭਾਰਤ ਦੇ ਕਈ ਸੰਸਦ ਮੈਂਬਰਾਂ, ਵਿਧਾਇਕਾਂ (MLAs), ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਇਸ ਮਾਮਲੇ ਸਬੰਧੀ ਪੱਤਰ ਯੂਕੇ ਦੇ ਵਿਦੇਸ਼ ਮੰਤਰੀ, ਭਾਰਤ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨ, ਪੰਜਾਬ ਦੇ ਮੁੱਖ ਮੰਤਰੀ, ਡਾਇਰੈਕਟਰ ਜਨਰਲ ਆਫ਼ ਪੁਲਿਸ ਪੰਜਾਬ ਅਤੇ ਹੋਰ ਸੰਬੰਧਤ ਅਧਿਕਾਰੀਆਂ ਨੂੰ ਵੀ ਭੇਜੇ ਗਏ ਹਨ।

ਇੰਡਿਆਨ ਵਰਕਰਜ਼ ਐਸੋਸੀਏਸ਼ਨ ਨੇ ਮੰਗ ਕੀਤੀ ਹੈ ਕਿ ਜੇਕਰ ਅਲਕਾ ਰਾਣੀ ਦੇ ਖ਼ਿਲਾਫ਼ ਕੋਈ ਸਬੂਤ ਨਹੀਂ ਹੈ ਤਾਂ ਉਸਦਾ ਨਾਮ ਇਸ ਮਾਮਲੇ ਤੋਂ ਹਟਾਇਆ ਜਾਵੇ ਅਤੇ ਉਸਦਾ ਪਾਸ-ਪੋਰਟ ਅਤੇ ਨਿੱਜੀ ਸਮਾਨ — ਜਿਸ ਵਿੱਚ ਬ੍ਰਿਟਿਸ਼ ਕਰੰਸੀ, ਭਾਰਤੀ ਕਰੰਸੀ ਵਿੱਚ ਰਕਮ ਅਤੇ ਸੋਨੇ ਦੇ ਗਹਿਣੇ ਸ਼ਾਮਲ ਹਨ — ਤੁਰੰਤ ਵਾਪਸ ਕੀਤੇ ਜਾਣ ਤਾਂ ਜੋ ਉਹ ਆਪਣੇ ਬ੍ਰਿਟਿਸ਼ ਬੱਚੇ ਨਾਲ ਸੁਰੱਖਿਅਤ ਤਰੀਕੇ ਨਾਲ ਯੂਕੇ ਵਾਪਸ ਆ ਸਕੇ।

**ਪ੍ਰੈਸ ਰਿਲੀਜ਼**
**ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ)**

# ਦੇਖੀਂ ਮਾਨਾਂ ! ਹੁਣ "ਰਾਜ ਕਰੇਗਾ ਖਾਲਸਾ ਕਦੇ - ਨਾਂ ਬੋਲੀਂ ਨਹੀਂ ਤਾਂ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਲਈ ਅਗਲਾ ਸਮਾਂ ਸੱਚਮੁੱਚ ਇਮਤਿਹਾਨ ਦੀ ਘੜੀ ਵਾਂਗ ਬਣਿਆ ਰਹੇਗਾ । ਕਲਾਕਾਰ ਹੁੰਦਿਆ ਮਜ਼ਾਕ ਵਿੱਚ ਸਟੇਜ ਤੋਂ ਬੋਲੇ ਗਏ ਸ਼ਬਦ ਲੰਮੇ ਸਮੇਂ ਤੱਕ ਪਿੱਛਾ ਨਹੀਂ ਛੱਡਣ ਗੇ ਅਤੇ ਜਨਤਕ ਮੰਚ ਤੋਂ ਆਖੀ ਗੱਲ ਨੂੰ ਲੋਕ ਯਾਦ ਰੱਖਦੇ ਹਨ । ਇੱਕ ਸਮੇਂ ਮੰਚ ਤੋਂ ਕੀਤੀ ਗਈ ਟਿੱਪਣੀ "ਰਾਜ ਕਰੇਗਾ ਖਾਲਸਾ , ਮਰਾਸੀ ਰਹੇ ਨਾਂ ਕੋਇ" ਜ਼ੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੀਤੀ ਜਾਂਦੀ ਅਰਦਾਸ ਦੇ ਪਵਿੱਤਰ ਸ਼ਬਦਾਂ ਨਾਲ ਮਿਲਦੀ ਜੁਲਦੀ ਲਾਈਨ ਨੂੰ ਮਜ਼ਾਕ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ , ਅੱਜ ਮੁੜ ਚਰਚਾ ਦਾ ਵਿਸ਼ਾ ਬਣ ਰਹੀ ਹੈ । ਉਸ ਵੇਲੇ ਵੀ ਕਈ ਸੂਝਵਾਨ ਲੋਕਾਂ ਨੇ ਇਸ ਗੱਲ ‘ਤੇ ਇਤਰਾਜ਼ ਜਤਾਇਆ ਸੀ ਕਿ ਧਾਰਮਿਕ ਭਾਵਨਾਵਾਂ ਨਾਲ ਜੁੜੇ ਸ਼ਬਦਾਂ ਨੂੰ ਹਾਸੇ ਵਿੱਚ ਵਰਤਣਾ ਠੀਕ ਨਹੀਂ । ਹਾਲਾਂਕਿ ਬਹੁਤ ਸਾਰੇ ਲੋਕਾਂ ਨੇ ਉਸ ਗੱਲ ਨੂੰ ਇੱਕ ਕਲਾਕ-ਾਰ ਦੀ ਅਦਾਕਾਰੀ ਸਮਝ ਕੇ ਅਣਡਿੱਠਾ ਕਰ ਦਿੱਤਾ ਸੀ , ਪਰ ਸਿਆਸਤ ਵਿੱਚ ਆਉਣ ਤੋਂ ਬਾਅਦ ਜ਼ਿੰਮੇਵਾਰੀਆਂ ਬਦਲ ਜਾਂਦੀਆਂ ਹਨ । ਜਦੋਂ ਕੋਈ ਵਿਅਕਤੀ ਸੂਬੇ ਦੀ ਸਭ ਤੋਂ ਵੱਡੀ ਕੁਰਸੀ ‘ਤੇ ਬੈਠਦਾ ਹੈ ਤਾਂ ਉਸਦੇ ਪੁਰਾਣੇ ਬਿਆਨ ਵੀ ਉਸਦੀ ਨੀਤੀ ਅਤੇ ਸੋਚ ਦਾ ਹਿੱਸਾ ਬਣ ਕੇ ਸਾਹਮਣੇ ਆਉਂਦੇ ਹਨ । ਖ਼ਾਸ ਕਰਕੇ ਉਹ ਸਮਾਂ ਹੋਰ ਵੀ ਸੰਵੇਦਨਸ਼ੀਲ ਹੋ ਜਾਂਦਾ ਹੈ ਜਦੋਂ ਸਰਕਾਰ ਖੁਦ ਧਾਰਮਿਕ ਬੇਅਦਬੀ ਦੇ ਮਾਮਲਿਆਂ ‘ਤੇ ਸਖ਼ਤ ਕਾਨੂੰਨ ਬਣਾਉਣ ਦੀ ਹਾਮੀ ਭਰ ਸਿਆਸੀ ਲਾਹਾ ਲੈਣ ਦਾ ਯਤਨ ਕਰਦੀ ਹੈ ।




ਮਾਨ ਸਾਹਿਬ ਹੁਣ ਵਿਰੋਧੀ ਧਿਰ ਅਤੇ ਆਮ ਵਰਗ ਇਹ ਸਵਾਲ ਜ਼ਰੂਰ ਉਠਾਵੇ ਗਾ ਕਿ ਜੇ ਬੇਅਦਬੀ ਦੇ ਮਾਮਲਿਆਂ ‘ਤੇ ਕੜੇ ਕਾਨੂੰਨ ਲਾਗੂ ਕੀਤੇ ਜਾਂਦੇ ਹਨ ਤਾਂ ਕੀ ਪੁਰਾਣੇ ਬਿਆਨਾਂ ਨੂੰ ਵੀ ਉਸੇ ਮਾਪਦੰਡ ‘ਤੇ ਤੋਲਿਆ ਜਾਵੇਗਾ ? ਕਿਉਂਕਿ ਭਾਰਤ ਦੀ ਸਰਬ ਉੱਚ ਅਦਾਲਤ ਦੇ ਆਦੇਸ਼ ਹਨ ਕਿ ਜੁਰਮ ਭਾਵੇਂ ਕਿੰਨਾ ਸਮਾਂ ਵੀ ਪਹਿਲਾਂ ਕੀਤਾ ਹੋਵੇ ਉਸਨੂੰ ਕਨੂੰਨੀ ਸਫ਼ਾ ਮਿਸਲ ਤੇ ਭਵਿੱਖ ਵਿੱਚ ਲਿਆਂਦਾ ਜਾ ਸਕਦਾ ਹੈ । ਇਹ ਤਾਂ ਅਵਾਮ ਦੇ ਆਮ ਵਿਚਾਰ ਹਨ ਕਿ ਕਾਨੂੰਨ ਸਭ ਲਈ ਇੱਕੋ ਜਿਹਾ ਹੋਣਾ ਚਾਹੀਦਾ ਹੈ , ਚਾਹੇ ਉਹ ਆਮ ਨਾਗਰਿਕ ਹੋਵੇ ਜਾਂ ਕੋਈ ਵੱਡਾ ਅਹੁਦੇਦਾਰ । ਕੋਈ ਵੀ ਸਰਕਾਰ ਜੇ ਨਿਆਂ ਅਤੇ ਸਮਾਨਤਾ ਦੀ ਗੱਲ ਕਰਦੀ ਹੈ ਤਾਂ ਉਸਨੂੰ ਆਪਣੇ ਆਪ ਨੂੰ ਵੀ ਉਸੇ ਕਸੌਟੀ ‘ਤੇ ਖਰਾ ਉਤਰਨਾ ਪਵੇਗਾ । ਮੁੱਖ ਮੰਤਰੀ ਦੀ ਕੁਰਸੀ ਸਿਰਫ਼ ਸੱਤਾ ਨਹੀਂ , ਸਗੋਂ ਜਵਾਬਦੇਹੀ ਵੀ ਲਿਆਉਂਦੀ ਹੈ । ਲੋਕ ਹੁਣ ਬਿਆਨਾਂ ਨਾਲੋਂ ਵੱਧ ਕਾਰਵਾਈ ਨੂੰ ਦੇਖਦੇ ਹਨ । ਆਉਣ ਵਾਲਾ ਸਮਾਂ ਦੱਸੇਗਾ ਕਿ ਸਰਕਾਰ ਆਪਣੇ ਬਣਾਏ ਨਿਯਮਾਂ ‘ਤੇ ਕਿੰਨੀ ਕੂ ਡਟ ਕੇ ਖੜੀ ਰਹਿੰਦੀ ਹੈ ਅਤੇ ਕੀ ਉਹ ਹਰ ਮਾਮਲੇ ਵਿੱਚ ਇਕਸਾਰ ਮਾਪਦੰਡ ਅਪਣਾਉਂਦੀ ਹੈ । ਇਹੀ ਗੱਲ ਭਵਿੱਖ ਦੀ ਸਿਆਸਤ ਅਤੇ ਜਨਤਾ ਦੇ ਭਰੋਸੇ ਨੂੰ ਤੈਅ ਕਰੇਗੀ । ਦੇਖੀਂ ਮਾਨਾਂ ਹੁਣ ਕਦੇ "ਰਾਜ ਕਰੇਗਾ ਖਾਲਸਾ ਮਰਾਸੀ ਰਹੇ ਨਾਂ ਕੋਇ" ਨਾਂ ਬੋਲੀਂ ਕਿਉਂਕਿ ਵਿਰੋਧੀਆਂ ਨੇ ਬਖਸਣਾਂ ਨਹੀਂ ਤੇਰਾ ਬਣਾਇਆ ਕਨੂੰਨ ਤੇਰੇ ਤੇ ਹੀ ਲਾਗੂ ਨਾਂ ਹੋ ਜਾਵੇ ।

**ਪੱਤਰਕਾਰ ਬਲਦੇਵ ਸਿੰਘ ਜਨੂਹਾ ,**
**9814824215 .**

# ਭਾਸ਼ਾ ਵਿਭਾਗ ਪੰਜਾਬ,ਪੰਜਾਬੀ ਲਾਗੂ ਕਰਵਾਉਣ ਲਈ ਹੋਇਆ ਸਖਤ

**ਸੰਗਰੂਰ/ਪਟਿਆਲਾ/ਜਲੰਧਰ, 22 ਅਪ੍ਰੈਲ ( ਬਲਦੇਵ ਸਿੰਘ ਜਨੂਹਾ ):** ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੀ ਪਾਲਣਾ ਨਾ ਕਰਨ ਦੇ ਮਾਮਲੇ ਨੂੰ ਲੈ ਕੇ ਭਾਸ਼ਾ ਵਿਭਾਗ ਪੰਜਾਬ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਨੋਟਿਸ ਜਾਰੀ ਕੀਤਾ ਹੈ । ਨੋਟਿਸ ਅਨੁਸਾਰ ਡਾਇਰੈਕਟਰ ਭਾਸ਼ਾ ਵਿਭਾਗ , ਪੰਜਾਬ ਪਟਿਆਲਾ ਦੇ ਪੱਤਰ ਨੰਬਰ 3325 ਮਿਤੀ 16 ਅਪ੍ਰੈਲ 2026 ਰਾਹੀਂ ਸ੍ਰੀ ਰਾਮੇਸ਼ਵਰ ਸਿੰਘ, ਸੁਨਾਮੀ ਗੇਟ ਸੰਗਰੂਰ ਵੱਲੋਂ ਕੀਤੀ ਸ਼ਿਕਾਇਤ 'ਤੇ ਕਾਰਵਾਈ ਕੀਤੀ ਗਈ ਹੈ । ਸ਼ਿਕਾਇਤ ਵਿੱਚ ਦਰਸਾਇਆ ਗਿਆ ਸੀ ਕਿ ਬੋਰਡ ਵੱਲੋਂ ਪੱਤਰ ਨੰਬਰ 6319 ਮਿਤੀ 30 ਮਾਰਚ 2026 ਰਾਹੀਂ ਉਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਜਵਾਬ ਭੇਜਿਆ ਗਿਆ, ਜੋ ਕਿ ਪੰਜਾਬ ਰਾਜ ਭਾਸ਼ਾ ਕਾਨੂੰਨ ਦੀ ਉਲੰਘਣਾ ਹੈ । ਭਾਸ਼ਾ ਵਿਭਾਗ ਵੱਲੋਂ ਜਾਰੀ ਪੱਤਰ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੀ ਧਾਰਾ 3-ਬੀ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਸਰਕਾਰੀ ਅਦਾਰਿਆਂ , ਬੋਰਡਾਂ ਅਤੇ ਸਥਾਨਕ ਸਰਕਾਰਾਂ ਦੇ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਲਾਜ਼ਮੀ ਹਨ । ਇਸ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਐਕਟ ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਗਈ ਹੈ ਕਿ ਦਫਤਰ ਦਾ ਸਮੁੱਚਾ ਕੰਮਕਾਜ ਪੰਜਾਬੀ ਵਿੱਚ ਕੀਤਾ ਜਾਵੇ ਅਤੇ ਸਬੰਧਤ ਵਿਅਕਤੀ ਨੂੰ ਉਸ ਦੇ ਪੱਤਰ ਦਾ ਜਵਾਬ ਵੀ ਪੰਜਾਬੀ ਵਿੱਚ ਦਿੱਤਾ ਜਾਵੇ ।

ਇਸੇ ਤਰਾਂ ਸ੍ਰ ਰਮੇਸ਼ਵਰ ਸਿੰਘ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਭਾਸ਼ਾ ਅਫਸਰ ਜਲੰਧਰ ਨੂੰ ਅਕਾਸ਼ਵਾਣੀ ਜਲੰਧਰ ਵਿਖੇ ਪੰਜਾਬੀ ਭਾਸ਼ਾ ਪੂਰੀ ਤਰਾਂ ਲਾਗੂ ਨਾਂ ਹੋਣ ਦੀਆਂ ਅਨੇਕ ਕਈ ਕਮੀਆਂ ਦਰਸਾਈਆਂ ਗਈਆਂ ਸਨ । ਅਕਾਸ਼ਵਾਣੀ ਜਲੰਧਰ ਦੇ ਦਫ਼ਤਰ ਦੇ ਬਾਹਰ ਲੱਗੇ ਬੋਰਡ ਅਤੇ ਅੰਦਰਲੇ ਕਮਰਿਆਂ ਦੀਆਂ ਨਾਮ-ਪੱਟੀਆਂ ਪੰਜਾਬੀ ਭਾਸ਼ਾ ਵਿੱਚ ਨਹੀਂ ਸਨ, ਜੋ ਕਿ ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਮੰਨੀ ਗਈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਬਣਾਏ ਵਿਸ਼ੇਸ਼ ਪੰਨੇ


ਪੰਜਾਬੀ ਬੋਲੋ, ਪੰਜਾਬੀ ਪੜ੍ਹੋ ਅਤੇ ਪੰਜਾਬੀ ਲਿਖੋ

**ਦਫ਼ਤਰ; ਜ਼ਿਲ੍ਹਾ ਭਾਸ਼ਾ ਅਫ਼ਸਰ, ਜਲੰਧਰ**

ਕਮਰਾ ਨੰ. 213-16, ਦੂਜੀ ਮੰਜ਼ਲ, ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਜਲੰਧਰ।
ਈ-ਮੇਲ: jalandhar.dlo@gmail.com

ਸੇਵਾ ਵਿਖੇ,

ਡਿਪਟੀ ਡਾਇਰੈਕਟਰ ਜਨਰਲ (ਈ), (ਈ-ਮੇਲ ਰਾਹੀਂ)
ਆਕਾਸ਼ਵਾਣੀ, ਜਲੰਧਰ।
ਨੰ. 154 ਮਿਤੀ 21/04/2026

ਵਿਸ਼ਾ: **ਪੰਜਾਬ ਰਾਜ ਭਾਸ਼ਾ ਐਕਟ ਦੀ ਪਾਲਣਾ ਕਰਨ ਸਬੰਧੀ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸ੍ਰੀ ਰਾਮੇਸ਼ਵਰ ਸਿੰਘ, ਸੁਨਾਮੀ ਗੇਟ, ਸੰਗਰੂਰ ਦੇ ਈਮੇਲ ਰਾਹੀਂ ਪ੍ਰਾਪਤ ਹੋਈ ਕਾਪੀ ਸਬੰਧੀ ਇਸ ਦਫ਼ਤਰ ਵਲੋਂ ਅੱਜ ਮਿਤੀ 21-04-2026 ਨੂੰ ਦਫ਼ਤਰ: ਅਕਾਸ਼ਵਾਣੀ, ਜਲੰਧਰ ਦਾ ਦੌਰਾ ਕੀਤਾ ਗਿਆ, ਜਿਸ ਵਿੱਚ


1. ਆਪ ਦੇ ਦਫ਼ਤਰ ਦੇ ਬਾਹਰ ਬੋਰਡ, ਅੰਦਰ ਕਮਰਿਆਂ ਦੇ ਵਿੱਚ ਨਾਮ ਪੱਟੀਆਂ ਪੰਜਾਬੀ ਵਿੱਚ ਨਹੀਂ ਸਨ, ਜੋ ਕਿ ਰਾਜ ਭਾਸ਼ਾ ਐਕਟ ਦੀ ਉਲੰਘਣਾ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਆਪ ਦੇ ਵਿਭਾਗ ਨੂੰ ਰਾਜ ਭਾਸ਼ਾ ਐਕਟ ਦੀ ਜਾਣਕਾਰੀ ਨਹੀਂ ਹੈ।
2. ਸੋਸ਼ਲ ਮੀਡੀਆ (ਫੇਸਬੁੱਕ) ਤੇ ਜੋ ਵਿਸ਼ੇਸ਼ ਪੰਨਾ ਬਣਾਇਆ ਹੈ, ਉਸ ਦੀ ਸਿਰਲੇਖ ਸਮੱਗਰੀ ਪੰਜਾਬੀ ਭਾਸ਼ਾ ਵਿੱਚ ਨਹੀਂ ਹੈ।
3. ਆਕਾਸ਼ਵਾਣੀ ਜਲੰਧਰ ਦਾ *ਐਫਐਮ ਚੈਨਲ ਰੇਨਬੋਅ* ਹੈ, ਉਸ ਦੇ ਪ੍ਰਸਾਰਣ ਵਿੱਚ ਪੰਜਾਬੀ 50 ਪ੍ਰਤੀਸ਼ਤ ਹੀ ਬੋਲਦੇ ਹਨ, ਪ੍ਰੋਗਰਾਮ ਪੇਸ਼ਕਰਤਾ ਨੂੰ ਵੀ *ਆਰਜੇ* ਸ਼ਬਦ ਵਰਤਿਆ ਜਾਂਦਾ ਹੈ, ਜੋ ਕਿ ਪੰਜਾਬੀ ਦਾ ਨਹੀਂ ਹੈ।

ਆਪ ਨੂੰ ਉਕਤ ਲੜੀ ਨੰ. 01 ਤੋਂ 03 ਨੂੰ ਰਾਜ ਭਾਸ਼ਾ ਐਕਟ ਦੀ ਪਾਲਣਾ ਕਰਵਾਉਂਦੇ ਕੀਤੀ ਕਾਰਵਾਈ ਬਾਰੇ ਇਸ ਦਫ਼ਤਰ ਨੂੰ ਜਾਣੂ ਕਰਵਾਇਆ ਜਾਵੇ।

ਜ਼ਿਲ੍ਹਾ ਭਾਸ਼ਾ ਅਫ਼ਸਰ,
ਜਲੰਧਰ।

ਪਿੱਠ ਅੰਕਣ ਨੰ. 155/-156 ਮਿਤੀ 21/04/2026
ਉਕਤ ਦਾ ਉਤਾਰਾ
1. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਜੀ ਨੂੰ ਪੱਤਰ ਨੰ. ਪੰ.ਪ੍ਰਚਾ. 3321 ਮਿਤੀ 16-01-2026 ਰਾਹੀਂ ਸੂਚਨਾ ਹਿੱਤ ਜੀ।
2. ਸ੍ਰੀ ਰਾਮੇਸ਼ਵਰ ਸਿੰਘ, ਸੁਨਾਮੀ ਗੇਟ, ਸੰਗਰੂਰ ਨੂੰ ਈਮੇਲ ਰਾਹੀਂ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਭਾਸ਼ਾ ਅਫ਼ਸਰ,
ਜਲੰਧਰ।


ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ
ਈ.ਮੇਲ - dlo.patiala1@gmail.com

ਸੇਵਾ ਵਿਖੇ
ਮੈਂਬਰ ਸਕੱਤਰ
ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।

ਨੰ. ਜ਼ਿ.ਭ.ਅ.ਪਟਿ.2026/
ਮਿਤੀ, ਪਟਿਆਲਾ

ਵਿਸ਼ਾ : ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪੰਜਾਬ ਰਾਜ ਭਾਸ਼ਾ ਸੋਧ ਬਿਲ 2008 ਦੀ ਉਲੰਘਣਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਪੱਤਰ ਨੰ.3325 ਮਿਤੀ 16.4.2026 ਰਾਹੀਂ ਸ੍ਰੀ ਰਾਮੇਸ਼ਵਰ ਸਿੰਘ, ਸੁਨਾਮੀ ਗੇਟ ਸੰਗਰੂਰ ਦਾ ਪੱਤਰ ਪ੍ਰਾਪਤ ਹੋਇਆ ਹੈ ਜਿਸ ਵਿੱਚ ਆਪ ਵੱਲੋਂ ਪੱਤਰ ਨੰ. 6319 ਮਿਤੀ 30.03.26 ਰਾਹੀਂ ਉਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਪੱਤਰ ਦਾ ਜਵਾਬ ਦਿੱਤਾ ਗਿਆ ਹੈ (ਕਾਪੀ ਨਾਲ ਨੱਥੀ ਹੈ)।

ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੀ ਧਾਰਾ 3-ਬੀ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਸਥਾਨਕ ਸਰਕਾਰਾਂ ਆਦਿ ਦੇ ਦਫ਼ਤਰਾਂ ਦਾ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕੀਤੇ ਜਾਣ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।ਆਪ ਨੂੰ ਇਸ ਐਕਟ ਦੀ ਕਾਪੀ ਭੇਜਦੇ ਹੋਏ ਦਫ਼ਤਰ ਦਾ ਸਮੁੱਚਾ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਤੇ ਐਕਟ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਅਤੇ ਸਬੰਧਤ ਨੂੰ ਉਸ ਦੇ ਪੱਤਰਾਂ ਦਾ ਜਵਾਬ ਪੰਜਾਬੀ ਭਾਸ਼ਾ ਵਿੱਚ ਦੇਣ ਲਈ ਲਿਖਿਆ ਜਾਂਦਾ ਹੈ। ਇਸ ਸਬੰਧੀ ਕੀਤੀ ਕਾਰਵਾਈ ਦੀ ਸੂਚਨਾ ਦਫ਼ਤਰ ਨੂੰ ਵੀ ਭੇਜੀ ਜਾਵੇ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਭੇਜਿਆ ਜਾਂਦਾ ਹੈ।

ਸਹੀ/-
(ਖੋਜ ਅਫ਼ਸਰ)
ਦ.ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ
ਮਿਤੀ, ਪਟਿਆਲਾ 21.4.2026

ਪਿੱਠਅੰਕਣ ਨੰ. ਜ਼ਿ.ਭ.ਅ.ਪਟਿ.2026/ 128-129
ਉਤਾਰਾ :
1. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ;
2. ਸ੍ਰੀ ਰਾਮੇਸ਼ਵਰ ਸਿੰਘ, ਸੁਨਾਮੀ ਗੇਟ, ਸੰਗਰੂਰ ;

ਸੂਚਨਾ ਹਿਤ ਭੇਜਿਆ ਜਾਂਦਾ ਹੈ।

(ਖੋਜ ਅਫ਼ਸਰ)
ਦ.ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ

153

ਦੀ ਸਿਰਲੇਖ ਸਮੱਗਰੀ ਵੀ ਪੰਜਾਬੀ ਵਿੱਚ ਨਹੀਂ ਹੋਣ ਦੀ ਗੱਲ ਦਰਜ ਕੀਤੀ ਗਈ ।

ਨਾਲ ਹੀ ਅਕਾਸ਼ਵਾਣੀ ਜਲੰਧਰ ਦੇ ਐਫ.ਐਮ ਚੈਨਲ 'ਰੇਨਬੋਅ' ਦੇ ਪ੍ਰਸਾਰਣ ਦੌਰਾਨ ਪੰਜਾਬੀ ਭਾਸ਼ਾ ਦੀ ਵਰਤੋਂ ਕੇਵਲ ਲਗਭਗ 50 ਪ੍ਰਤੀਸ਼ਤ ਹੋਣ ਦੀ ਗੱਲ ਵੀ ਨੋਟ ਕੀਤੀ ਗਈ। ਨਾਲ ਹੀ ਪ੍ਰੋਗਰਾਮ ਪੇਸ਼ਕਰਤਾਵਾਂ ਲਈ 'ਆਰਜੇ' ਸ਼ਬਦ ਦੀ ਵਰਤੋਂ ਕੀਤੀ ਜਾਣ 'ਤੇ ਵੀ ਐਤਰਾਜ਼ ਜਤਾਇਆ ਗਿਆ, ਕਿਉਂਕਿ ਇਹ ਪੰਜਾਬੀ ਸ਼ਬਦਾਵਲੀ ਨਾਲ ਸੰਬੰਧਿਤ ਨਹੀਂ ਮੰਨਿਆ ਗਿਆ ।


ਜ਼ਿਲ੍ਹਾ ਭਾਸ਼ਾ ਅਫਸਰ ਜਲੰਧਰ ਵੱਲੋਂ ਅਕਾਸ਼ਵਾਣੀ ਜਲੰਧਰ ਦੇ ਸੰਬੰਧਤ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਨਿਰਦੇਸ਼ ਦਿੱਤੇ ਗਏ ਹਨ ਕਿ ਉਕਤ ਤਿੰਨਾਂ ਮਾਮਲਿਆਂ ਵਿੱਚ ਪੰਜਾਬ ਰਾਜ ਭਾਸ਼ਾ ਐਕਟ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਦਫਤਰ ਨੂੰ ਜਲਦ ਜਾਣਕਾਰੀ ਭੇਜੀ ਜਾਵੇ । ਇਸ ਦੇ ਨਾਲ ਹੀ ਬੋਰਡ ਨੂੰ ਕੀਤੀ ਗਈ ਕਾਰਵਾਈ ਦੀ ਵਿਸਥਾਰਪੂਰਵਕ ਰਿਪੋਰਟ ਭਾਸ਼ਾ ਵਿਭਾਗ ਨੂੰ ਭੇਜਣ ਲਈ ਵੀ ਕਿਹਾ ਗਿਆ ਹੈ । ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

# ਸਭ ਦਾ ਇਹੀ ਹਾਲ ਹੋਣਾ ਹੈ

ਲੁੱਟ ਲਓ, ਖਾ ਲਓ, ਪੀ ਲਓ, ਹੱਸ ਲਓ, ਐਸ਼ ਕਰ ਲਓ ਮਿੱਤਰੋ ! ਸਭ ਦਾ ਇਹੀ ਹਾਲ ਹੋਣਾ ਹੈ। ਬਸ ਫਰਕ ਇਨਾ ਹੁੰਦਾ ਹੈ, ਬਿਰਤੀ ਚੰਗੇ ਪਾਸੇ ਲਾਈ ਹੈ ਤਾਂ ਬੇਫਿਕਰੀ ਨਾਲ ਜ਼ਿੰਦਗੀ ਲੰਘੇਗੀ। ਰਿਸ਼ਵਤਖੋਰੀ ਕਰਕੇ, ਲੁੱਟਾਂ ਖੋਹਾਂ ਕਰਕੇ, ਗਲਤ ਤਰੀਕੇ ਨਾਲ ਪੂੰਜੀ ਇਕੱਠੀ ਕਰਕੇ, ਜੀਵਨ ਫਿਕਰਾਂ ਵਿੱਚ ਪਿਆ, ਉਸਲਵੱਟੇ ਲੈਂਦਾ ਰਹਿੰਦਾ ਹੈ। 60 ਸਾਲ ਦੀ ਉਮਰ ਤੋਂ ਬਾਅਦ, ਸਭ ਦੇ ਚਿਹਰੇ ਢਲ ਜਾਂਦੇ ਨੇ,ਤਿਉੜੀਆਂ ਪੈ ਪੈਕੇ, ਬੇਪਛਾਣ ਹੋਣ ਲੱਗਦਾ ਹੈ। ਗ਼ਲਤ ਕੰਮਾਂ ਵਿੱਚ ਪਏ ਲੋਕ, ਉਮਰ ਦੀ ਇਸ ਹੱਦ ਤੱਕ, ਵੀ ਨ੍ਹੀਂ ਪਹੁੰਚਦੇ, ਸੋਚਾਂ ਫਿਕਰਾਂ ਵਿੱਚ ਅੰਬਰਾਂ ਤੇ ਉਡਾਰੀ ਮਾਰ ਜਾਂਦੇ ਨੇ। ਗਾਉਣ ਵਾਲੇ ਕਲਾਕਾਰ, ਚੜ੍ਹਦੀ ਜਵਾਨੀ ਵਿੱਚ, ਪਿੰਡੇ ਤੇ ਮੱਖੀ ਵੀ ਬੈਠਣ ਨ੍ਹੀਂ ਦਿੰਦੇ ਸਨ, ਇਸ ਉਮਰ ਤੱਕ ਆ ਕੇ,ਬੇਵਸ ਹੋ ਗਏ ਲੱਗਦੇ ਨੇ। ਜਦੋਂ ਪਤਾ ਹੈ, ਰੱਬ ਨੇ ਪਾਈ ਪਾਈ ਦਾ



ਹਿਸਾਬ, ਚੁੱਕਤਾ ਕਰਕੇ,ਉੱਪਰ ਲੈ ਜਾਣਾ ਹੈ, ਫਿਰ ਬੰਦਾ ਕਿਉਂ ਹੇਰਾਫੇਰੀ ਕਰਦਾ ਹੈ ? ਜਿਨ੍ਹਾਂ ਨੇ ਇਮਾਨਦਾਰੀ ਨਾਲ, ਹੱਕ ਸੱਚ ਦੀ ਕਮਾਈ ਨਾਲ, ਨਿਮਰਤਾ ਨਾਲ ਆਪਣਾ ਜੀਵਨ ਬਤੀਤ ਕੀਤਾ ਹੈ, ਉਨ੍ਹਾਂ ਨੂੰ ਕੋਈ ਦਿੱਕਤ ਨ੍ਹੀਂ ਆਉਂਦੀ। ਦਿੱਕਤ ਉਨ੍ਹਾਂ ਨੂੰ ਹੈ ਆਉਂਦੀ, ਜਿਨਾਂ ਨੇ ਹਮੇਸ਼ਾ ਪਰਾਏ ਮਾਲ ਤੇ ਅੱਖ ਰੱਖੀ ਹੈ ਹੁੰਦੀ। ਰਿਸ਼ਵਤ ਲਏ ਬਿਨਾਂ ਕਿਸੇ ਦਾ ਕੋਈ ਕੰਮ ਨ੍ਹੀਂ ਕਰਨਾ, ਧੱਕੇ ਨਾਲ ਦੂਸਰਿਆਂ ਦੀ ਜਾਇਦਾਦਾਂ ਤੇ ਕਬਜ਼ੇ ਕਰਨੇ, ਉਨ੍ਹਾਂ ਦਾ ਬੇੜਾ ਸੁਖਾਲਾ ਪਾਰ ਨਹੀਂ ਹੁੰਦਾ। ਮਰਨ ਤੋਂ ਪਹਿਲਾਂ ਪਰਮਾਤਮਾ ਉਨ੍ਹਾਂ ਦੀ ਆਤਮਾ ਭਟਕਣਾ ਵਿੱਚ ਪਾ ਦਿੰਦਾ। ਮਸਤ ਰਹਿ ਕੇ ਜੀਵਨ ਬਤੀਤ ਹੈ ਹੁੰਦਾ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ ਚੰਡੀਗੜ੍ਹ ਫੋਨ ਨੰਬਰ : 9878469639**


# “ਵਲਵਲੇ” ਬਦਲਦੇ ਸਮਾਜਿਕ ਸਰੋਕਾਰਾਂ ਅਤੇ ਮਾਨਵੀ ਸੰਵੇਦਨਾਵਾਂ ਦਾ ਦਰਪਣ

ਸਾਹਿਤ ਜਦੋਂ ਜੀਵਨ ਦੇ ਤਲਖ਼ ਤਜ਼ਰਬਿਆਂ ਦੀ ਭੱਠੀ ਵਿੱਚੋਂ ਗੁਜ਼ਰ ਕੇ ਨਿਕਲਦਾ ਹੈ, ਤਾਂ ਉਹ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਨਹੀਂ ਰਹਿ ਜਾਂਦਾ, ਸਗੋਂ ਰੂਹ ਦੀ ਆਵਾਜ਼ ਬਣ ਜਾਂਦਾ ਹੈ। ਸਤਨਾਮ ਸਿੰਘ ਅਬੋਹਰ ਦਾ ਪਲੇਠਾ ਕਾਵਿ-ਸੰਗ੍ਰਹਿ “ਵਲਵਲੇ” ਪੰਜਾਬੀ ਕਾਵਿ-ਜਗਤ ਵਿੱਚ ਅਜਿਹੀ ਹੀ ਇੱਕ ਅਹਿਮ ਦਸਤਕ ਹੈ, ਜੋ ਸਹਿਜ ਹੁੰਦਿਆਂ ਵੀ ਗੰਭੀਰ ਹੈ ਅਤੇ ਸਰਲ ਹੁੰਦਿਆਂ ਵੀ ਦਾਰਸ਼ਨਿਕ। ਇਹ ਪੁਸਤਕ ਮਨੁੱਖੀ ਮਨ ਦੇ ਅੰਦਰੂਨੀ ਵੇਗਾਂ ਅਤੇ ਬਾਹਰੀ ਸਮਾਜਿਕ ਪਰਿਵਰਤਨਾਂ ਦੇ ਵਿਚਕਾਰ ਇੱਕ ਮਜ਼ਬੂਤ ਸੰਵਾਦ ਸਿਰਜਦੀ ਹੈ।

ਅਧਿਆਤਮ ਅਤੇ ਨੈਤਿਕਤਾ ਦਾ ਸੁਮੇਲ: ਲੇਖਕ ਸਤਨਾਮ ਸਿੰਘ ਨੇ ਪੁਸਤਕ ਦਾ ਆਗਾਜ਼ ਅਧਿਆਤਮਿਕ ਅਤੇ ਇਤਿਹਾਸਕ ਚੇਤਨਾ ਨਾਲ ਕੀਤਾ ਹੈ। 'ਸਿਜਦਾ' ਅਤੇ 'ਕਲਗੀ ਵਾਲਿਆ' ਵਰਗੀਆਂ ਰਚਨਾਵਾਂ ਰਾਹੀਂ ਉਹ ਦਸਮ ਪਿਤਾ ਦੇ ਉਪਦੇਸ਼ਾਂ ਅਤੇ ਸਰਬੰਸ ਦਾਨ ਦੇ ਇਤਿਹਾਸ ਨੂੰ ਮੁਖ਼ਾਤਬ ਹੁੰਦਾ ਹੈ। ਪਰ ਇੱਥੇ ਲੇਖਕ ਦਾ ਅਧਿਆਤਮ ਕਰਮ-ਕਾਂਡੀ ਨਹੀਂ, ਸਗੋਂ 'ਅਮਲੀ' ਹੈ। ਉਹ 'ਬਾਪੂ ਦਾ ਸਰਾਪ' ਰਾਹੀਂ ਧਾਰਮਿਕ ਪਖੰਡਵਾਦ 'ਤੇ ਕਰਾਰੀ ਚੋਟ ਕਰਦਾ ਹੋਇਆ ਇਹ ਸਪੱਸ਼ਟ ਕਰਦਾ ਹੈ ਕਿ ਜਿਉਂਦੇ ਜੀਅ ਮਾਪਿਆਂ ਦੀ ਸੇਵਾ ਹੀ ਅਸਲੀ ਇਬਾਦਤ ਹੈ। ਇਹ ਨੈਤਿਕਤਾ ਦੀ ਉੱਚੀ ਸੁਰ ਇਸ ਪੂਰੀ ਕਿਤਾਬ ਦੀ ਰੀੜ੍ਹ ਦੀ ਹੱਡੀ ਹੈ।

ਸਮਾਜਿਕ ਵਿਅੰਗ, ਅਜੋਕੇ ਦੌਰ ਦਾ ਸ਼ੀਸ਼ਾ: ਸਤਨਾਮ ਸਿੰਘ ਅਬੋਹਰ ਇੱਕ ਚੇਤੰਨ ਕਵੀ ਵਜੋਂ ਅਜੋਕੇ ਮਸ਼ੀਨੀ ਯੁੱਗ ਦੀਆਂ ਤਰਾਸਦੀਆਂ ਨੂੰ ਬੜੀ ਬਾਰੀਕੀ ਨਾਲ ਫੜਦਾ ਹੈ। 'ਮੋਬਾਈਲ-1 ਅਤੇ 2' ਰਾਹੀਂ ਉਸਨੇ ਤਕਨਾਲੋਜੀ ਦੇ ਉਸ 'ਜਿੰਨ' ਬਾਰੇ ਚੇਤਾਵਨੀ ਦਿੱਤੀ ਹੈ, ਜਿਸ ਨੇ ਰਿਸ਼ਤਿਆਂ ਦੀ ਨਿੱਘ ਖੋਹ ਲਈ ਹੈ। ਉਹ ਬਹੁਤ ਹੀ ਮਾਰਮਿਕ ਢੰਗ ਨਾਲ ਬਿਆਨ ਕਰਦਾ ਹੈ ਕਿ ਅਸੀਂ ਗਲੋਬਲ ਪਿੰਡ ਦੇ ਵਾਸੀ ਤਾਂ ਬਣ ਗਏ ਹਾਂ, ਪਰ ਆਪਣੇ ਹੀ ਘਰ ਵਿੱਚ ਅਜਨਬੀ ਹੋ ਗਏ ਹਾਂ। ਇਸੇ ਤਰ੍ਹਾਂ 'ਅੱਜ ਦੇ ਨੇਤਾ' ਅਤੇ 'ਅੱਜ ਦੇ ਆਸ਼ਕ' ਵਰਗੀਆਂ ਕਵਿਤਾਵਾਂ ਰਾਹੀਂ ਲੇਖਕ ਨੇ ਰਾਜਨੀਤਿਕ ਗਿਰਾਵਟ ਅਤੇ ਪਿਆਰ ਦੇ ਨਾਂ 'ਤੇ ਹੋ ਰਹੇ ਦਿਖਾਵੇ 'ਤੇ ਤਿੱਖੇ ਨਿਸ਼ਤਰ ਚਲਾਏ ਹਨ।

ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਹਿਜਰ ਦੀ ਵੇਦਨਾ: ਪੰਜਾਬ ਦਾ ਅਜੋਕਾ ਸੰਕਟ 'ਹਿਜਰਤ' ਇਸ ਪੁਸਤਕ ਦਾ ਇੱਕ ਅਹਿਮ ਧੁਰਾ ਹੈ। 'ਪੁੱਤ ਪ੍ਰਦੇਸੀ' ਕਵਿਤਾ ਵਿੱਚ ਉਹ ਮਾਵਾਂ ਦੇ ਦਰਦ ਅਤੇ ਡਾਲਰਾਂ ਦੀ ਚਮਕ ਪਿੱਛੇ ਗੁਆਚੀ ਜਵਾਨੀ ਦੀ




ਗੱਲ ਕਰਦਾ ਹੈ। ਉਸਦਾ ਨਿਸ਼ਾਨਾ ਸਿਰਫ਼ ਭਾਵੁਕਤਾ ਪੈਦਾ ਕਰਨਾ ਨਹੀਂ, ਸਗੋਂ ਪੰਜਾਬ ਦੇ ਸੱਭਿਆਚਾਰਕ ਉਜਾੜੇ ਵੱਲ ਸੰਕੇਤ ਕਰਨਾ ਹੈ। 'ਧੀ ਦੀ ਪੁਕਾਰ' ਵਰਗੀ ਰਚਨਾ ਭਰੂਣ ਹੱਤਿਆ ਦੇ ਖ਼ਿਲਾਫ਼ ਇੱਕ ਸ਼ਕਤੀਸ਼ਾਲੀ ਮੈਨੀਫੈਸਟੋ ਵਜੋਂ ਉੱਭਰਦੀ ਹੈ, ਜੋ ਪਾਠਕ ਦੀ ਜ਼ਮੀਰ ਨੂੰ ਝੰਜੋੜਨ ਦਾ ਸਮਰੱਥਾ ਰੱਖਦੀ ਹੈ।

ਕਾਵਿ-ਕਲਾ ਅਤੇ ਪ੍ਰਤੀਕਵਾਦ: ਸਾਹਿਤਕ ਦ੍ਰਿਸ਼ਟੀ ਤੋਂ 'ਕਵਿਤਾ ਦਾ ਸੱਪ' ਇਸ ਸੰਗ੍ਰਹਿ ਦੀ ਸਭ ਤੋਂ ਪ੍ਰਤੀਕਾਤਮਕ ਰਚਨਾ ਹੈ। ਇੱਥੇ 'ਸੱਪ' ਬੁਰਾਈ ਦਾ ਨਹੀਂ, ਸਗੋਂ ਉਸ 'ਸਿਰਜਣਾਤਮਕ ਬੇਚੈਨੀ' ਦਾ ਪ੍ਰਤੀਕ ਹੈ ਜੋ ਕਵੀ ਨੂੰ ਸਮਾਜਿਕ ਅਨਿਆਂ ਦੇਖ ਕੇ ਚੈਨ ਨਾਲ ਸੌਣ ਨਹੀਂ ਦਿੰਦੀ। ਲੇਖਕ ਦੀ ਭਾਸ਼ਾ ਵਿੱਚ ਮਾਲਵੇ ਦੀ ਮਿੱਟੀ ਦੀ ਮਹਿਕ ਅਤੇ ਅਬੋਹਰ-ਫਾਜ਼ਿਲਕਾ ਦੇ ਇਲਾਕੇ ਦਾ ਲੋਕ-ਰੰਗ ਸਾਫ਼ ਨਜ਼ਰ ਆਉਂਦਾ ਹੈ। ਭਾਵੇਂ ਉਹ ਕਿਤੇ-ਕਿਤੇ ਰਵਾਇਤੀ ਤੁਕਬੰਦੀ ਦਾ ਸਹਾਰਾ ਲੈਂਦਾ ਹੈ, ਪਰ ਉਸਦੇ ਵਿਚਾਰਾਂ ਦੀ ਮੌਲਿਕਤਾ ਅਤੇ ਤਾਜ਼ਗੀ ਉਸਨੂੰ ਆਮ ਕਵੀਆਂ ਦੀ ਭੀੜ ਤੋਂ ਅਲੱਗ ਕਰਦੀ ਹੈ।

ਆਲੋਚਨਾਤਮਕ ਮੁਲਾਂਕਣ: ਇੱਕ ਨਿਰਪੱਖ ਆਲੋਚਕ ਵਜੋਂ ਜੇਕਰ ਅਸੀਂ ਗਹਿਰਾਈ ਨਾਲ ਦੇਖੀਏ, ਤਾਂ ਕੁਝ ਥਾਵਾਂ 'ਤੇ ਕਲਾਤਮਕਤਾ ਨਾਲੋਂ 'ਸਿੱਧਾ ਬਿਆਨ' ਹਾਵੀ ਹੋ ਜਾਂਦਾ ਹੈ। ਕਈ ਥਾਵਾਂ 'ਤੇ ਤੁਕਬੰਦੀ ਦਾ ਮੋਹ ਕਵਿਤਾ ਦੀ ਸੂਖ਼ਮਤਾ ਨੂੰ ਥੋੜਾ ਸੀਮਤ ਕਰਦਾ ਹੈ। ਪਰ ਇੱਕ 'ਪਲੇਠਾ ਕਾਵਿ-ਸੰਗ੍ਰਹਿ' ਹੋਣ ਦੇ ਨਾਤੇ ਇਹ ਗੱਲ ਮਹੱਤਵਪੂਰਨ ਹੈ ਕਿ ਲੇਖਕ ਕੋਲ ਕਹਿਣ ਲਈ ਆਪਣੀ ਗੱਲ ਹੈ ਅਤੇ ਉਹ ਗੱਲ ਸਿੱਧੀ ਪਾਠਕ ਦੇ ਦਿਲ ਤੱਕ ਪਹੁੰਚਦੀ ਹੈ। ਉਸ ਦੀ ਕਵਿਤਾ 'ਕਲਾ ਕਲਾ ਲਈ' ਨਹੀਂ, ਸਗੋਂ 'ਕਲਾ ਸਮਾਜ ਲਈ' ਦੇ ਆਦਰਸ਼ 'ਤੇ ਪਹਿਰਾ ਦਿੰਦੀ ਹੈ।

ਸਤਨਾਮ ਸਿੰਘ ਅਬੋਹਰ ਦੀ ਪੁਸਤਕ 'ਵਲਵਲੇ' ਅਜੋਕੇ ਖਪਤਕਾਰੀ ਯੁੱਗ ਵਿੱਚ ਮਾਨਵੀ ਸੰਵੇਦਨਾਵਾਂ ਨੂੰ ਜਿਉਂਦਾ ਰੱਖਣ ਦੀ ਇੱਕ ਸਾਰਥਕ ਅਤੇ ਸ਼ਲਾਘਾਯੋਗ ਕੋਸ਼ਿਸ਼ ਹੈ। ਇਹ ਕਿਤਾਬ ਪਾਠਕ ਨੂੰ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਆਪਣੇ ਅੰਦਰ ਝਾਤੀ ਮਾਰਨ ਅਤੇ ਆਪਣੇ ਵਿਰਸੇ ਨਾਲ ਜੁੜਨ ਲਈ ਮਜਬੂਰ ਕਰਦੀ ਹੈ। ਇਹ ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਇੱਕ ਅਜਿਹਾ ਸ਼ੀਸ਼ਾ ਹੈ ਜਿਸ ਵਿੱਚੋਂ ਅਸੀਂ ਆਪਣੇ ਸਮਾਜ ਦਾ ਅਸਲ ਚਿਹਰਾ ਦੇਖ ਸਕਦੇ ਹਾਂ।

ਪੁਸਤਕ ਪ੍ਰਾਪਤੀ ਅਤੇ ਜਾਣਕਾਰੀ ਲਈ ਸੰਪਰਕ: ਜੇਕਰ ਤੁਸੀਂ ਇਸ ਸੰਵੇਦਨਸ਼ੀਲ ਕਾਵਿ-ਸੰਗ੍ਰਹਿ “ਵਲਵਲੇ” ਨੂੰ ਪੜ੍ਹਨਾ ਚਾਹੁੰਦੇ ਹੋ ਜਾਂ ਪੁਸਤਕ ਬਾਰੇ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੇ ਪਤੇ 'ਤੇ ਪੱਤਰ ਵਿਹਾਰ ਕਰ ਸਕਦੇ ਹੋ ਜਾਂ ਸਿੱਧਾ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹੋ:

ਪ੍ਰਕਾਸ਼ਕ: ਸਹਿਜ ਪਬਲਿਕੇਸ਼ਨ, ਰਾਮ ਬਸਤੀ, ਡਾਕਖਾਨੇ ਦੇ ਪਿੱਛੇ, ਸਮਾਨਾ (ਪਟਿਆਲਾ) - 147101

ਮੋਬਾਇਲ: +91-99889-03378

“ਵਲਵਲੇ” ਹਰ ਉਸ ਪਾਠਕ ਲਈ ਇੱਕ ਕੀਮਤੀ ਤੋਹਫ਼ਾ ਹੈ ਜੋ ਸ਼ਬਦਾਂ ਵਿੱਚ ਆਪਣੀ ਰੂਹ ਦਾ ਅਕਸ ਲੱਭਣਾ ਚਾਹੁੰਦਾ ਹੈ।




**ਪ੍ਰੋ. ਪਵਨ ਖਿੱਚੀ, ਮਾਨਸਾ (ਪੰਜਾਬ)**
**ਮੋਬਾਈਲ: 94781-60786**

# ਬੇਮੌਸਮੀ ਬਰਸਾਤ ਨੇ ਕਣਕ ਦਾ ਝਾੜ ਘਟਾਇਆ

## ਕਿਸਾਨ ਸੰਕਟ ‘ਚ – ਸਰਕਾਰ ਤੋਂ ਤੁਰੰਤ ਰਾਹਤ ਦੀ ਮੰਗ

ਪੰਜਾਬ, ਜਿਸ ਨੂੰ ‘ਭਾਰਤ ਦਾ ਅੰਨਦਾਤਾ’ ਕਿਹਾ ਜਾਂਦਾ ਹੈ, ਇਸ ਵਾਰ ਕੁਦਰਤ ਦੀ ਮਾਰ ਹੇਠ ਕਰਾਹ ਰਿਹਾ ਹੈ। ਮਾਰਚ-ਅਪ੍ਰੈਲ ਦੌਰਾਨ ਹੋਈ ਬੇਮੌਸਮੀ ਬਰਸਾਤ, ਤੇਜ਼ ਹਵਾਵਾਂ ਅਤੇ ਕਈ ਥਾਵਾਂ ‘ਤੇ ਗੜੇਮਾਰੀ ਨੇ ਪੱਕੀ ਖੜੀ ਕਣਕ ਦੀ ਫਸਲ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਵਾਢੀ ਦੇ ਐਨ ਮੌਕੇ ਆਈ ਇਸ ਆਫ਼ਤ ਨੇ ਕਿਸਾਨ ਦੀ ਸਾਲ ਭਰ ਦੀ ਮਿਹਨਤ ਉੱਤੇ ਪਾਣੀ ਫੇਰ ਦਿੱਤਾ ਹੈ, ਜਿਸ ਨਾਲ ਖੇਤੀਬਾੜੀ ਆਧਾਰਿਤ ਅਰਥਵਿਵਸਥਾ ‘ਤੇ ਵੀ ਗੰਭੀਰ ਅਸਰ ਪੈਣ ਦੇ ਆਸਾਰ ਬਣ ਗਏ ਹਨ। ਬੇਮੌਸਮੀ ਮੀਂਹ ਦਾ ਕਣਕ ਉੱਤੇ ਸਿੱਧਾ ਤੇ ਤਬਾਹਕੁਨ ਅਸਰ ਵੇਖਣ ਨੂੰ ਮਿਲਿਆ ਹੈ। ਤੇਜ਼ ਹਵਾਵਾਂ ਨਾਲ ਖੇਤਾਂ ਵਿੱਚ ਕਣਕ ਦੀ ਫਸਲ ਵੱਡੇ ਪੱਧਰ ‘ਤੇ ਡਿੱਗ ਗਈ, ਜਿਸ ਕਾਰਨ ਦਾਣਾ ਕਾਲਾ ਪੈਣ, ਅੰਕੁਰਿਤ ਹੋਣ ਅਤੇ ਕੁਆਲਟੀ ਘਟਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਖੇਤੀਬਾੜੀ ਮਾਹਿਰਾਂ ਅਨੁਸਾਰ ਜਿੱਥੇ ਫਸਲ ਡਿੱਗੀ ਹੈ, ਉੱਥੇ 15 ਤੋਂ 40 ਫੀਸਦੀ ਤੱਕ ਝਾੜ ਘਟਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਖੇਤਾਂ ਵਿੱਚ ਪਾਣੀ ਭਰਨ ਕਾਰਨ ਕੰਬਾਈਨਾਂ ਦੀ ਚਾਲ ਰੁਕ ਗਈ, ਜਿਸ ਨਾਲ ਵਾਢੀ ਦੇ ਕੰਮ ਵਿੱਚ ਵੀ ਦੇਰੀ ਹੋਈ। ਮੀਂਹ ਨਾਲ ਭਿੱਜੇ ਦਾਣਿਆਂ ਦੀ ਗੁਣਵੱਤਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਦਾਣੇ ਦਾ ਰੰਗ ਬਦਲਣ, ਨਮੀ ਵਧਣ ਅਤੇ ਭਾਰ ਘਟਣ ਕਾਰਨ ਮੰਡੀਆਂ ਵਿੱਚ ਕਣਕ ਦਾ ਵਾਜਬ ਭਾਅ ਮਿਲਣਾ ਮੁਸ਼ਕਿਲ ਹੋ ਰਿਹਾ ਹੈ। ਕਈ ਥਾਵਾਂ ‘ਤੇ ਸਰਕਾਰੀ ਖਰੀਦ ਏਜੰਸੀਆਂ ਵੀ ਨਮੀ ਦੇ ਮਿਆਰ ਕਾਰਨ ਖਰੀਦ ਤੋਂ ਕੱਤਰ ਰਹੀਆਂ ਹਨ। ਇਸਦੇ ਨਾਲ ਹੀ, ਖੇਤ ਸੁੱਕਣ ਦੀ ਉਡੀਕ, ਵਧਦੀ ਮਜ਼ਦੂਰੀ ਅਤੇ ਨੁਕਸਾਨੀ ਫਸਲ ਨੂੰ ਸੰਭਾਲਣ ਦੇ ਖਰਚੇ ਨੇ ਕਿਸਾਨ ਦੀ ਆਰਥਿਕ ਚਿੰਤਾ ਹੋਰ ਵਧਾ ਦਿੱਤੀ ਹੈ। ਇਸ ਆਫ਼ਤ ਦਾ ਸਭ ਤੋਂ ਵੱਧ ਅਸਰ ਮਾਝਾ ਅਤੇ ਮਾਲਵਾ ਖੇਤਰ ਦੇ ਕਈ ਜ਼ਿਲ੍ਹਿਆਂ ਵਿੱਚ ਵੇਖਣ ਨੂੰ ਮਿਲਿਆ ਹੈ, ਜਿੱਥੇ ਨੁਕਸਾਨ ਦੀ ਰਿਪੋਰਟ ਕਾਫ਼ੀ ਚਿੰਤਾਜਨਕ ਹੈ। ਹਾਲਾਂਕਿ ਅਸਲ ਤਸਵੀਰ ਗਿਰਦਾਵਰੀ ਪੂਰੀ ਹੋਣ ਤੋਂ ਬਾਅਦ ਹੀ ਸਾਫ਼ ਹੋਵੇਗੀ, ਪਰ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਵੱਡੇ ਪੱਧਰ ‘ਤੇ ਨੁਕਸਾਨ ਦਾ ਦਾਅਵਾ ਕਰ ਰਹੀਆਂ ਹਨ। ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬਿਆ ਪੰਜਾਬ ਦਾ ਕਿਸਾਨ ਇਸ ਵਾਰ ਦੋਹਰੀ ਮਾਰ ਸਹਿ ਰਿਹਾ ਹੈ। ਡੀਜ਼ਲ, ਖਾਦ ਅਤੇ ਕੀਟਨਾਸ਼ਕਾਂ ਦੀਆਂ ਵਧੀਆਂ ਕੀਮਤਾਂ ਨਾਲ ਲਾਗਤ ਵਧ ਚੁੱਕੀ ਸੀ, ਹੁਣ ਝਾੜ ਘਟਣ ਅਤੇ ਘੱਟ ਭਾਅ ਮਿਲਣ ਨਾਲ ਆਮਦਨ ‘ਚ ਵੱਡੀ ਕਮੀ ਆਉਣ ਦਾ ਖਤਰਾ ਹੈ। ਇਸ ਸਥਿਤੀ ਵਿੱਚ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਅਗਲੀ ਫਸਲ ਦੀ ਬਿਜਾਈ ਵੀ ਚੁਣੌਤੀ ਬਣ ਸਕਦੀ ਹੈ। ਕਿਸਾਨੀ ਸੰਕਟ ਦੇ ਇਸ ਸਮੇਂ ਸਰਕਾਰ ਤੋਂ ਤੁਰੰਤ ਅਤੇ ਢੁਕਵੇਂ ਕਦਮਾਂ ਦੀ ਉਮੀਦ ਜਤਾਈ ਜਾ ਰਹੀ ਹੈ। ਸਭ ਤੋਂ ਪਹਿਲਾਂ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਨੁਕ-ਸਾਨ ਦਾ ਸਹੀ ਅੰਦਾਜ਼ਾ ਲਗਾਇਆ ਜਾਵੇ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਘੱਟੋ-ਘੱਟ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਸਿੱਧਾ ਖਾਤਿਆਂ ਵਿੱਚ ਜਾਰੀ ਕੀਤਾ ਜਾਵੇ। ਮੰਡੀਆਂ ਵਿੱਚ ਨਮੀ ਦੀ ਸੀਮਾ 12 ਤੋਂ ਵਧਾ ਕੇ 14 ਫੀਸਦੀ ਕੀਤੀ ਜਾਵੇ ਤਾਂ ਜੋ ਭਿੱਜੀ ਕਣਕ ਵੀ ਸਰਕਾਰੀ ਭਾਅ ‘ਤੇ ਵਿਕ ਸਕੇ, ਅਤੇ ਰੰਗ ਜਾਂ ਦਾਣੇ ਦੇ ਆਧਾਰ ‘ਤੇ ਕਟੌਤੀ ਤੋਂ ਬਚਾਇਆ ਜਾਵੇ। ਇਸ ਤੋਂ ਇਲਾਵਾ, ਫਸਲੀ ਕਰਜ਼ਿਆਂ ਦੀਆਂ ਕਿਸ਼ਤਾਂ ਨੂੰ ਘੱਟੋ-ਘੱਟ ਛੇ ਮਹੀਨੇ ਲਈ ਮੁਲਤਵੀ ਕਰਕੇ ਵਿਆਜ ਵਿੱਚ ਰਾਹਤ ਦਿੱਤੀ ਜਾਵੇ। ਟਿਊਬਵੈੱਲਾਂ ਦੇ ਬਿਜਲੀ ਬਿੱਲਾਂ ਵਿੱਚ ਛੂਟ ਵੀ ਲਾਜ਼ਮੀ ਹੈ ਤਾਂ ਜੋ ਕਿਸਾਨ ਅਗਲੀ ਫਸਲ ਲਈ ਤਿਆਰੀ ਕਰ ਸਕਣ। ਲੰਮੇ ਸਮੇਂ ਲਈ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਮੌਸਮ ਸਬੰਧੀ ਸੂਚਨਾ ਨੂੰ ਸਮੇਂ-ਸਿਰ ਕਿਸਾਨਾਂ ਤੱਕ ਪਹੁੰਚਾਉਣਾ ਵੀ ਬਹੁਤ ਜ਼ਰੂਰੀ ਹੈ। ਸਿੱਟੇ ਵਜੋਂ, ਇਹ ਸਿਰਫ਼ ਇਕ ਫਸਲ ਦਾ ਨੁਕ-ਸਾਨ ਨਹੀਂ, ਸਗੋਂ ਕਿਸਾਨ ਦੀ ਜੀਵਿਕਾ ਅਤੇ ਪੰਜਾਬ ਦੀ ਆਰਥਿਕ ਰੀੜ੍ਹ ਉੱਤੇ ਵੱਜਿਆ ਵੱਡਾ ਝਟਕਾ ਹੈ। ਜੇ ਇਸ ਸੰਕਟ ਵੇਲੇ ਕਿਸਾਨ ਨੂੰ ਇਕੱਲਾ ਛੱਡ ਦਿੱਤਾ ਗਿਆ, ਤਾਂ ਇਸਦੇ ਗ਼ਲਤ ਨਤੀਜੇ ਸਾਹਮਣੇ ਆ ਸਕਦੇ ਹਨ। ਸਮੇਂ ਸਿਰ ਰਾਹਤ ਅਤੇ ਮਜ਼ਬੂਤ ਨੀਤੀਆਂ ਨਾਲ ਹੀ ਅੰਨਦਾਤੇ ਦਾ ਹੌਸਲਾ ਬਣਾਇਆ ਰੱਖਿਆ ਜਾ ਸਕਦਾ ਹੈ—ਕਿਉਂਕਿ ਜੇ ਕਿਸਾਨ ਬਚੇਗਾ, ਤਾਂ ਹੀ ਪੰਜਾਬ ਖੁਸ਼ਹਾਲ ਰਹੇਗਾ।



**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ**

# ਬੱਚਿਆਂ 'ਤੇ ਵੱਧ ਅੰਕ ਲੈਣ ਦਾ ਦਬਾਅ ਕਿਉਂ?


ਅੱਜ ਕੱਲ੍ਹ ਸਕੂਲੀ ਬੱਚਿਆਂ ਦੀਆਂ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਆ ਰਹੇ ਹਨ। ਮੀਡੀਆ ਤੇ ਸਭ ਤੋਂ ਵੱਧ ਅੰਕ ਹਾਸਲ ਕਰਨ ਵਾਲ਼ਿਆਂ ਜਾਂ ਸਕੂਲ, ਜ਼ਿਲ੍ਹੇ ਜਾਂ ਸਟੇਟ ਪੱਧਰ ਤੇ ਪਹਿਲੇ ਦੋ ਤਿੰਨ ਸਥਾਨ ਹਾਸਿਲ ਕਰਨ ਵਾਲ਼ੇ ਬੱਚਿਆਂ ਦੀਆਂ ਫੋਟੋਆਂ, ਮਾਪਿਆਂ ਦੀਆਂ ਫੋਟੋਆਂ, ਅਧਿਆਪਕਾਂ ਜਾਂ ਸਕੂਲਾਂ ਦੇ ਨਾਂ ਪ੍ਰਦਰਸ਼ਿਤ ਕੀਤੇ ਜਾਂਦੇ ਹਨ, ਉਹਨਾਂ ਦੀਆਂ ਇੰਟਰਵਿਊ ਲਈਆਂ ਜਾਂਦੀਆਂ ਹਨ। ਇਹ ਸਭ ਤਾਂ ਸੁਭਾਵਿਕ ਤੌਰ ਤੇ ਹੋਣਾ ਹੀ ਹੁੰਦਾ ਹੈ ਕਿਉਂਕਿ ਇਹ ਕਿਸੇ ਵੀ ਸਕੂਲ ਪ੍ਰਸ਼ਾਸਨ, ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਲਈ ਗੌਰਵਮਈ ਮੌਕਾ ਹੁੰਦਾ ਹੈ, ਉਹਨਾਂ ਦੀ ਮਿਹਨਤ ਦਾ ਮੁੱਲ ਪੈਂਦਾ ਹੈ। ਉਸ ਗੌਰਵਮਈ ਮੌਕੇ ਤੇ ਮਿਹਨਤੀ ਲੋਕਾਂ ਨੂੰ ਮਾਨ ਸਨਮਾਨ ਦੇਣਾ ਸਾਡਾ ਕਰਤੱਵ ਹੈ ਤਾਂ ਜੋ ਉਹੀ ਬੱਚੇ ਅੱਗੇ ਜਾ ਕੇ ਵੱਖ ਵੱਖ ਖੇਤਰਾਂ ਵਿੱਚ ਆਪਣੀ ਪ੍ਰਤਿਭਾ ਦੇ ਜੌਹਰ ਵਿਖਾਉਣ ਤੇ ਇੱਕ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਬਣ ਕੇ ਉਭਰਨ ਤੇ ਦੇਸ਼ ਦੇ ਇੱਕ ਚੰਗੇ ਭਵਿੱਖ ਨਿਰਮਾਤਾ ਬਣਨ। ਜਿੱਥੇ ਅਸੀਂ ਇਹੋ ਜਿਹੀਆਂ ਖੁਸ਼ਖ਼ਬਰੀ ਦੀਆਂ ਝਲਕੀਆਂ ਵੇਖਦੇ ਹਾਂ ਉੱਥੇ ਹੀ ਸਾਨੂੰ ਕੀ ਮੰਦਭਾਗੀ ਖ਼ਬਰਾਂ ਵੀ ਸੁਣਨ ਨੂੰ ਮਿਲਦੀਆਂ ਹਨ ਕਿ ਬੱਚੇ ਘੱਟ ਅੰਕ ਆਉਣ ਤੇ ਘਾਤਕ ਕਦਮ ਉਠਾ ਲੈਂਦੇ ਹਨ। ਬੱਚਿਆਂ ਦੇ ਦਿਮਾਗ ਤੇ ਜ਼ਿਆਦਾ ਅੰਕ ਲੈਣ ਲਈ ਦਬਾਅ ਜਾਂ ਆਪਣੀ ਹਾਰ ਮੰਨਣਾ ,ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਰ ਸਾਡੀ ਸਮਾਜਿਕ ਸਥਿਤੀ ਇਹੋ ਜਿਹੀ ਹੈ ਕਿ ਇੱਕ ਜਮਾਤ ਦੇ ਤੀਹ ਜਾਂ ਚਾਲ਼ੀ ਬੱਚਿਆਂ ਦੇ ਮਾਪੇ ਸਾਰੇ ਆਪਣੇ ਆਪਣੇ ਬੱਚਿਆਂ ਨੂੰ ਸਿਰਫ਼ ਵੱਧ ਅੰਕ ਲੈਣ ਲਈ ਪ੍ਰੇਰਦੇ ਘੱਟ ਹਨ ਤੇ ਦਬਾਅ ਵੱਧ ਪਾਉਂਦੇ ਹਨ। ਇਹੀ ਸੋਚ ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਦੀ ਹੁੰਦੀ ਹੈ। ਮਾਪਿਆਂ ਵੱਲੋਂ ਅਧਿਆਪਕਾਂ 'ਤੇ ਅਤੇ ਅਧਿਆਪਕਾਂ ਵੱਲੋਂ ਮਾਪਿਆਂ ਤੇ ਦੂਸ਼ਣਬਾਜ਼ੀ ਕਰਨਾ ਆਮ ਜਿਹੀ ਗੱਲ ਹੈ। ਇਸੇ ਦੌਰਾਨ ਸਕੂਲ ਪ੍ਰਬੰਧਕਾਂ ਵੱਲੋਂ ਆਪਣੇ ਅਧਿਆਪਕਾਂ ਤੇ ਚੰਗਾ ਨਤੀਜਾ ਦੇਣ ਦਾ ਦਬਾਅ ਪਾਇਆ ਜਾਂਦਾ ਹੈ। ਸਕੂਲ ਪ੍ਰਸ਼ਾਸਨ ਦੇ ਉੱਤੇ ਆਪਣੀ ਸੰਸਥਾ ਨੂੰ ਮੁਕਾਬਲੇ ਦੀਆਂ ਬਾਕੀ ਸਭ ਸੰਸਥਾਵਾਂ ਨਾਲੋਂ ਵਧੀਆ ਸਾਬਤ ਕਰਨਾ ਹੁੰਦਾ ਹੈ। ਹਰ ਕਿਸੇ ਦਾ ਆਪਣੇ ਆਪ ਨੂੰ ਵਧੀਆ ਸਾਬਤ ਕਰਨ ਦਾ ਨਤੀਜਾ ਇਹ ਨਿਕਲਦਾ ਹੈ ਕਿ ਬੱਚਿਆਂ ਉੱਪਰ ਦਬਾਅ ਬਣਾਇਆ ਜਾਂਦਾ ਹੈ ਤਾਂ ਜੋ ਵੱਧ ਤੋਂ ਵੱਧ ਅੰਕ ਹਾਸਲ ਕਰਕੇ ਆਪਣੇ ਮਾਪਿਆਂ, ਅਧਿਆਪਕਾਂ, ਸਕੂਲ ਦਾ ਨਾਂ ਰੌਸ਼ਨ ਕੀਤਾ ਜਾਵੇ। ਪਰ ਇਸੇ ਦਬਾਅ ਦੇ ਚੱਲਦਿਆਂ ਉਪਰੋਕਤ ਕਿਸੇ ਵੀ ਸ਼ਾਖ਼ ਵੱਲੋਂ ਬੱਚਿਆਂ ਦੀ ਮਾਨਸਿਕ ਸਥਿਤੀ ਨਹੀਂ ਸਮਝੀ ਜਾਂਦੀ।



ਕਹਿਣ ਨੂੰ ਤਾਂ ਅਸੀਂ ਵਿੱਦਿਆ ਦੇ ਖੇਤਰ ਵਿੱਚ ਬਹੁਤ ਕ੍ਰਾਂਤੀ ਲਿਆਂਦੀ ਹੈ ਪਰ ਇਸ ਕ੍ਰਾਂਤੀ ਵਿੱਚ ਸੱਤ ਅੱਠ ਵਿਸ਼ਿਆਂ ਦੇ ਨਾਲ਼ ਤਕਨੀਕੀ ਸਿੱਖਿਆ ਅਤੇ ਕਾਰਜਸ਼ੀਲ ਗਤੀਵਿਧੀਆਂ ਨੂੰ ਜੋੜ ਕੇ ਬੱਚਿਆਂ ਦੇ ਨਾਲ ਨਾਲ ਮਾਪਿਆਂ ਅਤੇ ਅਧਿਆਪਕਾਂ ਦਾ ਆਰਥਿਕ ਅਤੇ ਮਾਨਸਿਕ ਬੋਝ ਵਧਾ ਦਿੱਤਾ ਹੈ। ਉਹ ਸੱਤ ਅੱਠ ਵਿਸ਼ਿਆਂ ਵਿੱਚੋਂ ਚੰਗੇ ਅੰਕ ਹਾਸਲ ਕਰਨ ਵਾਲ਼ਾ ਕੰਮ ਉਹੀ ਪੁਰਾਣੀ ਵਿੱਦਿਆ ਨੀਤੀ ਦਾ ਨਮੂਨਾ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਅੱਜ ਦੀਆਂ ਵਿੱਦਿਅਕ ਨੀਤੀਆਂ ਸਿੱਖਿਆ ਉੱਪਰ ਭਾਰੂ ਹੋਣ ਲੱਗ ਪਈਆਂ ਹਨ। ਜਦ ਕਿ ਵਿਦਿਆਰਥੀ ਦੀ ਪੜ੍ਹਾਈ ਦੇ ਸ਼ੁਰੂਆਤੀ ਦੌਰ ਤੋਂ ਹੀ ਸਰਬਪੱਖੀ ਵਿਕਾਸ ਤੇ ਜ਼ੋਰ ਦੇਣਾ ਚਾਹੀਦਾ ਹੈ। ਉਹਨਾਂ ਦੀ ਸ਼ਖ਼ਸੀਅਤ ਅਤੇ ਦਿਲਚਸਪੀ ਦੇ ਅਧਾਰ ਤੇ ਬੱਚਿਆਂ ਵਿੱਚ ਕਾਰਜਸ਼ੈਲੀ ਦੀ ਪਰਖ਼ ਕਰਕੇ ਉਹਨਾਂ ਦੇ ਪਾਠਕ੍ਰਮਾਂ ਨੂੰ ਤਕਨੀਕ ਨਾਲ ਜੋੜ ਕੇ ਉਹਨਾਂ ਦਾ ਕੌਸ਼ਲ ਵਿਕਾਸ ਕੀਤਾ ਜਾਵੇ। ਸਧਾਰਨ ਬੌਧਿਕ ਪੱਧਰ ਦੇ ਵਿਦਿਆਰਥੀਆਂ ਉੱਤੇ ਸਾਰੇ ਵਿਸ਼ਿਆਂ ਵਿੱਚੋਂ ਵੱਧ ਤੋਂ ਵੱਧ ਅੰਕ ਹਾਸਲ ਕਰਨ ਲਈ ਜਾਂ ਬਾਕੀ ਸਾਥੀਆਂ ਨਾਲ਼ ਮੁਕਾਬਲਾ ਕਰਨ ਤੇ ਜ਼ੋਰ ਦੇਣ ਦੀ ਬਿਜਾਏ ਉਹਨਾਂ ਨੂੰ ਹੁਨਰ ਅਧਾਰਿਤ ਕਾਰਜਸ਼ੈਲੀ ਨਾਲ਼ ਜੋੜ ਕੇ ਸਿੱਖਿਅਤ ਕੀਤਾ ਜਾਵੇ।

ਇੱਕ ਸਮਾਂ ਇਹੋ ਜਿਹਾ ਸੀ ਜਦ ਸੱਠ ਪ੍ਰਤੀਸ਼ਤ ਅੰਕ ਹਾਸਲ ਕਰਨ ਵਾਲੇ ਬੱਚੇ ਨੂੰ ਬਹੁਤ ਹੋਣਹਾਰ ਵਿਦਿਆਰਥੀ ਸਮਝਿਆ ਜਾਂਦਾ ਸੀ। ਅੱਜ 95-96 ਪ੍ਰਤੀਸ਼ਤ ਅੰਕ ਲੈਣ ਵਾਲੇ ਬੱਚੇ ਅਤੇ ਉਹਨਾਂ ਦੇ ਮਾਪੇ ਵੀ ਸੰਤੁਸ਼ਟ ਨਜ਼ਰ ਨਹੀਂ ਆਉਂਦੇ। ਅੱਜ ਦੇ ਮਾਪੇ ਜਾਂ ਖ਼ੁਦ ਬੱਚੇ ਆਪਣਾ ਰਿਜ਼ਲਟ ਦੇਖਣ ਤੋਂ ਪਹਿਲਾਂ ਆਪਣੇ ਸਾਥੀ ਦੇ ਅੰਕ ਵੇਖਦੇ ਹਨ। ਇੱਕ ਅੱਧੇ ਨੰਬਰ ਕਾਰਨ ਪਿੱਛੇ ਰਹਿ ਜਾਣ ਨੂੰ ਆਪਣੀ ਹੇਠੀ ਸਮਝਦੇ ਹਨ। ਐਨੀ ਅਸੰਤੁਸ਼ਟਤਾ ਹੀ ਬੱਚਿਆਂ ਉੱਤੇ ਮਾਨਸਿਕ ਦਬਾਅ ਬਣਾ ਰਹੀ ਹੈ। ਜਦ ਕਿ ਉਸ ਸਮੇਂ ਅਧਿਆਪਕਾਂ ਅਤੇ ਮਾਪਿਆਂ ਨੂੰ ਬੱਚਿਆਂ ਪ੍ਰਤੀ ਬਹੁਤ ਸੁਹਿਰਦ ਰਵੱਈਏ ਨਾਲ਼ ਉਹਨਾਂ ਨੂੰ ਮਾਨਸਿਕ ਤੌਰ ਤੇ ਪਹਿਲਾਂ ਹੀ ਤਿਆਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਅੰਕਾਂ ਨੂੰ ਆਪਣੀ ਜ਼ਿੰਦਗੀ ਉੱਤੇ ਭਾਰੂ ਨਾ ਹੋਣ ਦੇਣ। ਉਹਨਾਂ ਵੱਲੋਂ ਬੱਚਿਆਂ ਨੂੰ ਵੱਧ ਜਾਂ ਘੱਟ ਅੰਕ ਲੈਣ ਤੇ ਜ਼ੋਰ ਦੇਣ ਦੀ ਬਜਾਏ ਭਵਿੱਖ ਦੀਆਂ ਯੋਜਨਾਵਾਂ ਨਾਲ਼ ਜੋੜ ਕੇ ਉਹਨਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਅਸਮੰਜਸਤਾ ਨਾ ਪੈਦਾ ਹੋਵੇ। ਬੱਚਿਆਂ ਉੱਪਰ ਇੱਕ ਨਿਸ਼ਚਿਤ ਟੀਚਾ ਦੇ ਕੇ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ।

ਅੱਜ ਦੇ ਦੌਰ ਵਿੱਚ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਦੇ ਸਰੀਰਕ, ਬੌਧਿਕ, ਭਾਵਨਾਤਮਕ ਅਤੇ ਅਧਿਆਤਮਿਕ ਪਹਿਲੂਆਂ ਨੂੰ ਨਿਖਾਰਨ ਤੇ ਜ਼ੋਰ ਦੇਣ ਦੀ ਲੋੜ ਹੈ। ਉਹਨਾਂ ਨੂੰ ਆਤਮ-ਨਿਰਭਰ ਬਣਾਉਣ ਲਈ ਹੁਨਰਮੰਦ ਕਰਨਾ ਅਤੇ ਰੋਜ਼ਗਾਰ ਦੇ ਕਾਬਲ ਬਣਾਉਣ ਬਾਰੇ ਸਿੱਖਿਅਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਪੜ੍ਹਾਈ ਨੂੰ ਬੋਝ ਨਾ ਸਮਝਣ। ਮਾਪਿਆਂ ਵੱਲੋਂ ਮਹਿੰਗੇ ਮਹਿੰਗੇ ਉਪਕਰਨ ਦੇ ਕੇ ਜਾਂ ਮਹਿੰਗੀਆਂ ਟਿਊਸ਼ਨਾਂ ਤੇ ਲਾਉਣ ਦੀ ਬਜਾਏ ਉਹਨਾਂ ਨੂੰ ਚੰਗਾ ਆਚਰਨ, ਸਮਾਜਿਕ ਜ਼ਿੰਮੇਵਾਰੀ, ਸਹਿਣਸ਼ੀਲਤਾ ਅਤੇ ਅਨੁਸ਼ਾਸਨ ਸਿਖਾਉਣਾ ਚਾਹੀਦਾ ਹੈ। ਬੱਚਿਆਂ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਸੋਚ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਪ੍ਰਗਤੀਸ਼ੀਲ ਸੋਚ ਦੇ ਧਾਰਨੀ ਬਣ ਕੇ ਸਹੀ ਅਤੇ ਗਲਤ ਵਿੱਚ ਅੰਤਰ ਸਮਝ ਸਕਣ ਨਾ ਕਿ ਸਿਰਫ਼"ਅੰਕਾਂ" ਦੇ ਮਾਪਦੰਡ ਤੱਕ ਸੀਮਤ ਰਹਿ ਕੇ ਉਨ੍ਹਾਂ ਦੀ ਸੋਚ ਨੂੰ ਸੌੜੀ ਕਰ ਦਿੱਤਾ ਜਾਵੇ। ਮੁੱਕਦੀ ਗੱਲ ਇਹ ਹੈ ਕਿ ਸਿੱਖਿਆ ਸਿਰਫ਼ ਕਿਤਾਬੀ ਗਿਆਨ ਦੇ ਅਧਾਰਿਤ ਅੰਕਾਂ ਤੱਕ ਸੀਮਤ ਨਹੀਂ, ਸਗੋਂ ਜੀਵਨ ਜਿਊਣ ਦੀ ਕਲਾ ਅਤੇ ਜੀਵਨ ਨੂੰ ਪੂਰਨਤਾ ਵੱਲ ਲਿਜਾਣ ਦਾ ਸਾਧਨ ਬਣਨਾ ਚਾਹੀਦੀ ਹੈ।



**ਬਰਜਿੰਦਰ ਕੌਰ ਬਿਸਰਾਓ...**
9988901324

# ਗੀਤਕਾਰੀ ਦਾ ਸਿਰਨਾਵਾਂ ਬਚਨ ਬੇਦਿਲ

ਬਚਨ ਬੇਦਿਲ ਪੰਜਾਬੀ ਗੀਤਕਾਰੀ ਦਾ ਇੱਕ ਅਜਿਹਾ ਸਿਰਨਾਵਾਂ ਹੈ ਕਿ ਜਿਸਦਾ ਜ਼ਿਕਰ ਕਰਦਿਆਂ ਹੀ ਅਨੇਕਾਂ ਕਲਾਕਾਰ ਸਾਡੇ ਜ਼ਿਹਨ ਵਿੱਚ ਆਪ ਮੁਹਾਰੇ ਆਉਣ ਲੱਗਦੇ ਹਨ।ਜਿਵੇਂ ਕਿ:-ਰਣਜੀਤ ਮਣੀ, ਲਵਲੀ ਨਿਰਮਾਣ, ਦਵਿੰਦਰ ਕੋਹਿਨੂਰ,ਯੁੱਧਵੀਰ, ਸੁਖਵਿੰਦਰ ਮਹਿਬੂਬ,ਸੁਖਵੰਤ ਲਵਲੀ, ਕਰਮਜੀਤ ਰੰਧਾਵਾ,ਕੁਲਜੀਤ ਮਣੀ,ਦਲਜੀਤ ਦਸਾਂਝ,ਸਵ: ਸੁਰਜੀਤ ਬਿੰਦਰਖੀਆ, ਸਵ: ਕੁਲਦੀਪ ਮਾਣਕ, ਸਵ: ਸੁਰਿੰਦਰ ਛਿੰਦਾ ਹਰਜੀਤ ਹਰਮਨਅਤੇ ਹਰਭਜਨ ਮਾਨ ਨੇ ਵੀ ਅੱਜ ਕੱਲ੍ਹ "ਤੂੰ ਵਾਦਾ ਨਾ ਕਰਦਾ" ਬਚਨ ਬੇਦਿਲ ਦੇ ਗੀਤ ਨਾਲ ਆਪਣੀ ਗਾਇਕੀ ਵਿੱਚ ਅਨੋਖਾ ਰੰਗ ਭਰਿਆ।

ਸੰਗਰੂਰ ਜ਼ਿਲ੍ਹੇ ਦਾ ਪਿੰਡ ਬਡਰੁੱਖਾ ਜਿੱਥੇ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਇਤਿਹਾਸ ਦੀ ਮਹੱਤਤਾ ਰੱਖਦਾ ਹੈ ਉੱਥੇ ਹੀ ਉਹ ਬਚਨ ਬੇਦਿਲ ਵੱਲੋਂ ਸਿਰਜੀ ਗੀਤਕਾਰੀ ਵਜੋਂ ਵੀ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਬੈਠਾ ਹੈ।ਸ਼ਾਇਦ ਨੌਜਵਾਨ ਪੀੜ੍ਹੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਇਤਿਹਾਸ ਮੁਨੱਕਰ ਹੋ ਬਡਰੁੱਖਾ ਪਿੰਡ ਭੁਲਾ ਦੇਣ ਪਰ ਬਚਨ ਬੇਦਿਲ ਦੀ ਗੀਤਕਾਰੀ ਤੋਂ ਨਹੀਂ। 1991 ਦੇ ਦਹਾਕੇ ਦਾ ਸੰਗੀਤਕ ਦੌਰ ਬਚਨ ਬੇਦਿਲ ਦੀ ਕਲਮ ਦੁਆਰਾ ਸਿਰਜਿਆ ਹੋਇਆ ਇੱਕ ਐਸਾ ਅਨੋਖਾ ਗੀਤਕਾਰੀ ਦੌਰ ਰਿਹਾ ਹੈ ਕਿ ਜਦ ਗਾਇਕੀ ਦੇ ਆਸਮਾਨ ਵਿਚ ਚਾਰੇ ਤਰਫ ਬਚਨ ਬੇਦਿਲ ਦੇ ਹੀ ਲਿਖੇ ਗੀਤ ਗੂੰਜਦੇ ਸੀ ਤੇ ਹਰ ਉੱਭਰ ਰਿਹਾ ਗਾਇਕ ਬਚਨ ਬੇਦਿਲ ਦੇ ਗੀਤ ਗਾਉਣ ਲਈ ਉਤਾਵਲਾ ਹੁੰਦਾ ਸੀ।ਜੇ ਆਪਾ ਇਸ ਸਮੇਂ ਦੇ ਸੰਗੀਤਕ ਦੌਰ ਨੂੰ ਬੇਚਨ ਬੇਦਿਲ ਦਾ ਯੁੱਗ ਕਹਿ ਦਈਏ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਬੇਦਿਲ ਦਾ ਇੱਕ ਨਹੀਂ ਦੋ ਨਹੀਂ ਬਲਕਿ ਸੈਂਕੜੇ ਗੀਤਾਂ ਨੇ ਉਸਦੇ ਨਾਂ ਦੇ ਇਤਿਹਾਸ ਨੂੰ ਸੁਨਹਿਰੀ ਅੱਖਰਾਂ ਵਿੱਚ ਸਿਰਜਿਆ ਹੈ।ਜਿਵੇਂ ਕਿ:-ਤੇਰੇ ਵਿਆਹ ਦਾ ਕਾਰਡ, ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ,ਅਰਥੀ ਤੇਰੇ ਆਸ਼ਕ ਦੀ,ਯਾਰ ਹੁਣ ਰੱਬ ਹੋ ਗਿਆ ਚੋਰੀ ਚੋਰੀ ਚੰਨਾ ਪਾਸਪੋਰਟ ਬਣਾ ਲਿਆ, ਦਿਲ ਦੇ ਖ਼ੂਨ ਦੀ ਮਹਿੰਦੀ,ਟਾਹਣੀਉ ਟੁੱਟੇ ਫੁੱਲ, ਦਿਲ ਦੇ ਟੁਕੜੇ, ਮਹਿੰਦੀ ਰੰਗੇ ਪੱਗ ਦਿਆਂ ਪੇਚਾਂ ਉੱਤੇ,ਅਸੀਂ ਪੱਤੇ ਪਤਝੜ ਦੇ,ਕਾਬੀਲੇ ਜਾਤੀ ਨਾਲ ਸਬੰਧ ਰੱਖਣ ਵਾਲੀ ਵਣਜਾਰਣ ਕੁੜੀ ਦੇ ਪਿਆਰ ਨੂੰ ਦਰਸਾਉਂਦਾ ਤਾਰੋ ਗੀਤ ਜੋ ਵੱਖ-ਵੱਖ ਆਵਾਜਾਂ ਵਲੋਂ ਗਾਇਆ ਗਿਆ ਹੈ,ਮਿੱਠੀ ਮਮਤਾ ਮਾਵਾਂ ਦੀ, ਮੇਰੀ ਰੰਗਲੀ ਚਰਖੀ ਅਤੇ ਪਿੱਛੇ ਜਿਹੇ ਹਰਜੀਤ ਹਰਮਨ ਦੀ ਆਵਾਜ਼ ਚ ਆਇਆ ਗੀਤ ਦਿਲ ਦੀਆਂ ਫਰਦਾ ਵਰਗੇ ਅਨੇਕਾਂ ਹੀ ਹੋਰ ਸੁਪਰਹਿੱਟ ਗੀਤ ਬੇਦਿਲ ਦੀ ਸਫਲ ਕਲਮ ਦੀ ਦਾਸਤਾਨ ਨੂੰ ਬਿਆਨ ਕਰਦੇ ਹਨ।ਬਚਨ ਬੇਦਿਲ ਆਪਣੇ ਉਸਤਾਦ ਗੁਰੂ ਬਾਪੂ ਦੇਵ ਥਰੀਕਿਆਂ ਵਾਲਿਆਂ ਜੀ ਦੇ ਨਕਸ਼ ਕਦਮ ਤੇ ਚਲਦਿਆਂ ਧਾਰਨ ਕੀਤੀ ਸ਼ਗਿਰਦੀ ਤੇ ਖਰਾ ਉਤਰਦਾ ਹੈ।ਜਿਵੇ ਕਿ ਬਾਪੂ ਜੀ ਦੀ ਲਿਖਤ ਦਾ ਸੰਗੀਤ ਜਗਤ ਵਿੱਚ ਕੋਈ ਸ਼ਾਨੀ ਨਹੀਂ ਠੀਕ ਉਸੇ ਤਰ੍ਹਾਂ ਬਚਨ ਬੇਦਿਲ



ਦੀ ਕਲਮ ਦਾ ਵੀ ਕੋਈ ਤੋੜ ਨਹੀਂ। ਉਸ ਨੇ ਜਿਸ ਕਲਾਕਾਰ ਨੂੰ ਆਪਣੇ ਗੀਤ ਦਿੱਤੇ ਉਹ ਦਿਨਾਂ ਵਿੱਚ ਹੀ ਆਪਣੇ ਨਾਂ ਦੀ ਪ੍ਰਸਿੱਧੀ ਹਾਸਿਲ ਕਰ ਗਿਆ। ਉਦ-ਾਹਰਣ ਦੇ ਤੌਰ ਤੇ ਉਸਦਾ ਆਪਣਾ ਪੁੱਤਰ(ਭਤੀਜ) ਅਰਮਾਨ ਬੇਦਿਲ ਅੱਜ ਸੰਗੀਤ ਜਗਤ ਦਾ ਇੱਕ ਸਥਾਪਿਤ ਕਲਾਕਾਰ ਹੈ।ਬਚਨ ਬੇਦਿਲ ਨੇ ਗੀਤਕਾਰੀ ਤੋਂ ਇਲਾਵਾ ਸਾਹਿਤ ਦੇ ਖੇਤਰ ਵਿਚ ਵੀ ਆਪਣਾ ਵਡਮੁੱਲਾ ਯੋਗਦਾਨ ਪਿਆ ਹੈ ਉਸਨੇ ਪਿੰਡ ਆਵਾਜਾਂ ਮਾਰਦਾ ਖੁੱਲ੍ਹੀ ਕਵਿਤਾ ਤੇ ਮੁਹੱਬਤ ਦੀ ਦਾਸਤਾਂ ਨੂੰ ਬਿਆਨ ਕਰਦਾ ਨਾਵਲ ਸੰਦੀਲੀ ਖੈੜਾ ਵਰਗੀਆਂ ਦੋ ਪੁਸਤਕ ਸਾਹਿਤ ਦੀ ਝੋਲੀ ਪਾਈਆਂ।

ਬਚਨ ਬੇਦਿਲ ਰਾਜਨੀਤਕ ਖੇਤਰ ਵਿੱਚ ਵੀ ਸਰਗਰਮ ਹੋ ਆਮ ਆਦਮੀ ਪਾਰਟੀ ਵਿਚ ਇਕ ਸੀਨੀਅਰ ਆਗੂ ਵਜੋਂ ਵਿਸ਼ੇਸ਼ ਭੂਮਿਕਾ ਨਿਭਾਉਂਦਾ ਨਜ਼ਰ ਆਉਂਦਾ ਰਿਹਾ ਹੈ।

ਪ੍ਰਮਾਤਮਾ ਕਰੇ ਕਿ ਬੇਦਿਲ ਗੀਤਕਾਰੀ ਵਾਂਗ ਇਸ ਖੇਤਰ ਵਿੱਚ ਵੀ ਮਜ਼ਲੂਮਾਂ ਤੇ ਲਾਚਾਰ ਲੋਕਾਂ ਦਾ ਹਮਦਰਦ ਬਣ ਆਪਣੇ ਨਾਂ ਵੱਖਰੀ ਛਾਂਪ ਛੱਡੇ।

**ਸਰੂਪ ਸਿੰਘ, ਚੌਧਰੀ**
**ਮਾਜਰਾ(ਨਾਭਾ)**
**99886-27880**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**